# ਦੋ ਸਾਗਾਂ ਵਿਚਕਾਰ

ਜਸਵੰਤ ਜ਼ਫ਼ਰ



# ਦੋ ਸਾਹਾਂ ਵਿਚਕਾਰ

**ਏਸ ਤੋਂ ਬਾਅਦ**

| | |
|---|---|
| ਦੋ ਸਾਹਾਂ ਵਿਚਕਾਰ | (ਕਾਵਿ-ਸੰਗ੍ਰਹਿ) 1993, 2011, 2017 |
| ਅਸੀਂ ਨਾਨਕ ਦੇ ਕੀ ਲਗਦੇ ਹਾਂ | (ਕਵਿਤਾ) 2001, 2002, 2007, 2011, 2014, 2016 |
| ਸਿਖੁ ਸੁ ਖੋਜਿ ਲਹੈ | (ਨਿਬੰਧ) 2007, 2009 |
| ਇਹ ਬੰਦਾ ਕੀ ਹੁੰਦਾ | (ਕਵਿਤਾ) 2010, 2013 |
| ਮੈਨੂੰ ਇਉਂ ਲੱਗਿਆ | (ਵਾਰਤਕ) 2015 |
| ਭਗਤੁ ਸਤਿਗੁਰੂ ਹਮਾਰਾ | (ਵਾਰਤਕ) 2016 |
| ਲਫ਼ਜ਼ਾਂ ਦਾ ਪਰਲਾ ਪੱਤਣ/ The Other Shore of Words | (ਕਵਿਤਾ) 2016 |

# ਦੋ ਸਾਹਾਂ ਵਿਚਕਾਰ

(ਕਾਵਿ ਸੰਗ੍ਰਹਿ)

**ਜਸਵੰਤ ਜ਼ਫ਼ਰ**

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# Do Sahan Vichkaar

Poetry by

**Jaswant Zafar** ©
28, Basant Vihar, Jawaddi
Ludhiana- 141013
Ph 0161-2520577
jaszafar@yahoo.com

**ISBN : 978-81-7883-834-6**

**Rs. 90/-**

**Edition: 1993, 2011**

**Third Edition: 2017**

*Printing and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 01635-222651

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਮਾਂ

ਸਰਦਾਰਨੀ ਪ੍ਰਕਾਸ਼ ਕੌਰ

ਲਈ

# ਤਤਕਰਾ


ਪੁਨਰ ਭੇਂਟ ...... 7

ਆਦਿਕਾ ...... 9

**ਕਵਿਤਾਵਾਂ**

ਸੈਕੂਲਰ ...... 14

ਤਲਖ਼ ਤਕਰੀਰ ...... 15

ਮਾਵਾਂ ...... 19

ਮਿੱਟੀ ਦੇ ਬਾਵੇ ...... 20

ਹਾਲਾਤ ...... 23

ਗੁਆਚੇ ਦੀ ਭਾਲ ...... 24

ਦਾਤੇ ...... 29

ਤੁਸੀਂ ਨਹੀਂ ਜਾਣਦੀਆਂ ...... 30

ਤਰਲਾ ....... 32

ਵਾਰਦਾਤ ...... 32

ਭਰਮ ...... 32

ਜ਼ਿੰਦਗੀ ...... 33

ਸਪਸ਼ਟੀਕਰਣ ...... 36

ਰੁੱਖ ...... 37

ਬੇਚੈਨੀ ...... 38

ਤਾਰੇ ਦਾ ਤੌਖ਼ਲਾ ...... 39

**ਗ਼ਜ਼ਲਾਂ**

ਜ਼ਹਿਰ ਦੇ ਵਣਜਾਰੇ ...... 42

ਤਿਜ਼ਾਬੀ ਵਰਖਾ ...... 43

ਵਕਤ-ਕਚਹਿਰੀ ਫ਼ੈਸਲਾ ...... 44

ਸਹਿਮ ਸਮੁੰਦਰ ...... 45

ਤੁਰਦਾ ਮੇਰੇ ਨਾਲ ਜੋ ...... 46

ਅਪਣੀ ਸ਼ਾਇਰੀ ਲਾਗੇ ...... 47

ਪਹਿਲਾਂ ਆਪ ਜ਼ਮਾਨਾ ...... 48

ਆਖਣ ਨੂੰ ਉਹ ਚੰਦ ...... 49

ਸਿਆਣੇ ਬੰਦੇ ...... 50

ਵਿਹਾਰ ...... 51

ਸੱਤ-ਬਿਗਾਨਿਆਂ ਨੂੰ ...... 52

ਧਰਤੀ ਅੰਬਰ ...... 53

ਜ਼ਿਕਰ ਸਾਡਾ ...... 54

ਚਾਨਣ ਦੇ ਸ਼ੀਸ਼ੇ ਵਿਚ ...... 55

ਅੰਮੜੀ ਬਾਬਲ ...... 57

ਠੱਗੀ-ਠੋਰੀ ....... 58

**ਗੀਤ**

ਦਾਤ ...... 60

ਅਰਘ ...... 62

ਉਡੀਕ ...... 63

ਰਾਂਝਾ ...... 64

# ਪੁਨਰ ਭੇਂਟ

ਇਹਨਾਂ ਕਵਿਤਾਵਾਂ ਦਾ ਰਚਨਾ-ਕਾਲ 1986 ਤੋਂ 1991 ਦਰਮਿਆਨ ਦਾ ਹੈ, ਭਾਵ ਕਾਲਜ ਦੇ ਮਗਰਲੇ ਤਿੰਨਾਂ ਸਾਲਾਂ ਅਤੇ ਫਿਰ 2 ਸਾਲ ਪੰਜਾਬੋਂ ਬਾਹਰ ਨੌਕਰੀ ਕਰਨ ਦੌਰਾਨ ਇਹ ਲਿਖੀਆਂ ਗਈਆਂ। ਫਿਰ ਪੰਜਾਬ ਰਾਜ ਬਿਜਲੀ ਬੋਰਡ ਵਿਚ ਨੌਕਰੀ ਸ਼ੁਰੂ ਕਰਨ ਅਤੇ ਨਾਲ ਹੀ ਵਿਆਹੇ ਜਾਣ ਤੇ ਮਹਿਸੂਸ ਹੋਇਆ ਸੀ ਕਿ ਸ਼ਾਇਦ ਹੁਣ ਮੈਂ ਕਵਿਤਾ ਦੀ ਸੁਭਾਵਕ ਆਮਦ ਲਈ ਢੁਕਵੀਂ ਜਗ੍ਹਾ ਨਹੀਂ ਰਿਹਾ। ਇਸ ਲਈ ਇਧਰ ਉਧਰ ਅਖ਼ਬਾਰਾਂ ਰਸਾਲਿਆਂ ਵਿਚ ਛਪ ਚੁਕੀਆਂ ਸਾਰੀਆਂ ਰਚਨਾਵਾਂ ਨੂੰ ਕਿਤਾਬ ਰੂਪ 'ਚ ਇਕ ਥਾਂ ਸੰਭਾਲਣ ਦੀ ਸੁੱਝੀ। ਸੁਰਜੀਤ ਪਾਤਰ ਜੀ ਨੇ ਇਸ ਕੰਮ ਲਈ ਉਤਸ਼ਾਹਿਤ ਕੀਤਾ, ਸੋਧਾਂ ਕੀਤੀਆਂ ਤੇ ਆਦਿਕਾ ਵਜੋਂ ਪਿਆਰ-ਭਰੇ ਸ਼ਬਦ ਲਿਖੇ। ਪ੍ਰੋ. ਕੰਵਲਜੀਤ ਤੇ ਸਵਰਨਜੀਤ ਸਵੀ ਨੇ ਇਸ ਨੂੰ ਆਕਾਰ ਦੇਣ ਵਿਚ ਯੋਗਦਾਨ ਪਾਇਆ। ਪਰ ਇਸ ਦੇ ਵਿਤਰਣ ਦਾ ਕੋਈ ਵਸੀਲਾ ਨਾ ਸੀ। ਕੁਝ ਕਾਪੀਆਂ ਨਾਮੀ ਸਾਹਿਤਕਾਰਾਂ ਨੂੰ ਭੇਜੀਆਂ ਅਤੇ ਕੁਝ ਅਖ਼ਬਾਰਾਂ ਰਸਾਲਿਆਂ ਨੂੰ ਰੀਵਿਊ ਵਾਸਤੇ, ਆਮ ਪਾਠਕਾਂ ਤੱਕ ਬਹੁਤੀ ਰਸਾਈ ਨਾ ਹੋਈ।

ਗੁਰਭਜਨ ਗਿੱਲ ਜੀ ਨੂੰ ਜਦ ਮੈਂ ਇਸਨੂੰ ਆਪਣੀ ਪਹਿਲੀ ਤੇ ਆਖ਼ਰੀ ਕਿਤਾਬ ਕਹਿ ਕੇ ਕਾਪੀ ਭੇਂਟ ਕੀਤੀ ਤਾਂ ਉਹ ਕਹਿਣ ਲੱਗੇ, "ਪਹਿਲੀ ਹਾਂ ਠੀਕ ਹੈ, ਆਖ਼ਰੀ ਨਹੀਂ ਕਹਿ ਸਕਦਾ, ਚਾਰ ਕੁ ਸਿਆਣੇ ਬੰਦਿਆਂ ਨੇ ਸਿਫ਼ਤ ਕਰ ਦੇਣੀ ਆਂ, ਤੇਰਾ ਕੰਮ ਅੱਗੇ ਚੱਲ ਪੈਣਾ ਹੈ।" ਸ. ਅਮਰਜੀਤ ਸਿੰਘ ਗਰੇਵਾਲ ਪਹਿਲੀ ਵਾਰ ਮਿਲੇ, ਕਿਤਾਬ ਦਿੱਤੀ, ਉਹਨਾਂ ਹੈਰਾਨੀ ਭਰੀ ਖ਼ੁਸ਼ੀ ਪ੍ਰਗਟ ਕੀਤੀ, ਬਾਕਾਇਦਾ ਫੰਕਸ਼ਨ ਕਰਕੇ ਰਿਲੀਜ਼ ਕਰਨ ਦੀ ਤਾਕੀਦ ਕੀਤੀ ਅਤੇ ਇਸ ਬਾਰੇ ਖ਼ੁਦ ਪੇਪਰ ਪੜ੍ਹਨ ਦੀ ਗੱਲ ਵੀ ਕੀਤੀ। ਕੁਝ ਦਿਨਾਂ ਮਗਰੋਂ ਉਹ ਦਾਖੇ ਇਕ ਸਮਾਗਮ 'ਚ ਮਿਲੇ, ਨਵੀਂ ਛਪੀ ਕਿਤਾਬ ਦੇ ਹਵਾਲੇ ਨਾਲ ਮੈਨੂੰ ਪ੍ਰਿੰ. ਸੰਤ ਸਿੰਘ ਸੇਖੋਂ ਨਾਲ ਮਿਲਾਇਆ। ਸੇਖੋਂ ਸਾਹਿਬ ਇਸ ਨੂੰ ਪੜ੍ਹ ਚੁੱਕੇ ਸਨ, ਉਹਨਾਂ ਪਿਆਰ ਦਿੱਤਾ। ਗਰੇਵਾਲ ਸਾਹਿਬ ਨੇ ਉਹਨਾਂ ਨੂੰ ਰਿਲੀਜ਼ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਕਿਹਾ, ਉਹ ਖ਼ੁਸ਼ੀ-ਖ਼ੁਸ਼ੀ ਰਾਜ਼ੀ ਹੋ ਗਏ। ਸਾਰੇ ਰੀਵਿਊਕਾਰਾਂ ਨੇ ਬਣਦੀ ਸਰਦੀ ਪ੍ਰਸੰਸਾ ਕੀਤੀ, ਇਥੋਂ ਤੱਕ ਕਿ ਸੁਰਜੀਤ ਹਾਂਸ ਜੀ ਨੇ ਵੀ। ਸ. ਗੁਰਦਿਆਲ

ਸਿੰਘ ਨੇ ਪੋਸਟ ਕਾਰਡ ਰਾਹੀਂ ਸ਼ਾਬਾਸ਼ ਭੇਜੀ। ਡਾ. ਸੰਤੋਖ ਸਿੰਘ ਸ਼ਹਰਯਾਰ ਨੇ ਇਸ ਵਿਚੋਂ ਇਕ ਕਵਿਤਾ ਭੁਬਨੇਸ਼ਵਰ ਦੀ ਵਰਣਮਾਲਾ ਸੰਸਥਾ ਨੂੰ ਉਦੈ ਭਾਰਤੀ ਰਾਸ਼ਟਰੀ ਕਵਿਤਾ ਪੁਰਸਕਾਰ ਦੇਣ ਲਈ ਭੇਜੀ। ਲੁਧਿਆਣੇ ਹੋਏ ਪਹਿਲੇ ਨਵ-ਕਵਿਤਾ ਉਤਸਵ ਵਿਚ ਡਾ. ਸੁਤਿੰਦਰ ਸਿੰਘ ਨੂਰ ਨੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਇਸ ਕਿਤਾਬ ਦੀ ਸਿਫ਼ਤ ਕਰਦਿਆਂ ਇਸ ਵਿਚੋਂ ਇਕ ਪੂਰੀ ਕਵਿਤਾ ਪੜ੍ਹ ਕੇ ਸੁਣਾਈ ਤਾਂ ਮੈਂ ਆਪਣੇ ਆਪ ਨੂੰ ਬੜਾ ਸਨਮਾਨਿਤ ਮਹਿਸੂਸ ਕੀਤਾ। ਮੇਰਾ ਮੇਲ਼ ਉਹਨਾਂ ਨਾਲ ਇਸ ਤੋਂ ਬਾਅਦ 'ਚ ਹੋਇਆ।

ਇਹ ਸਾਰਾ ਕੁਝ ਗੁਰਭਜਨ ਗਿੱਲ ਜੀ ਦਾ ਕਿਆਫ਼ਾ ਸੱਚਾ ਹੋਣ ਲਈ ਕਾਫ਼ੀ ਸੀ। ਲਿਖਣਾ ਸ਼ੌਕ ਤੋਂ ਸਹੇੜ ਅਤੇ ਸਹੇੜ ਤੋਂ ਜ਼ਿੰਮੇਵਾਰੀ ਬਣ ਗਿਆ। ਇਸ ਤੋਂ ਮਗਰਲੀਆਂ ਮੇਰੀਆਂ ਤਿੰਨਾਂ ਕਿਤਾਬਾਂ ਨੂੰ ਚੇਤਨਾ ਪ੍ਰਕਾਸ਼ਨ ਨੇ ਵੱਡੀ ਗਿਣਤੀ ਵਿਚ ਅਤੇ ਵਾਰ-ਵਾਰ ਛਾਪਿਆ ਅਤੇ ਦੇਸ਼ ਵਿਦੇਸ਼ ਵਿਚ ਦੂਰ-ਦੂਰ ਤੱਕ ਪਹੁੰਚਾਇਆ, ਜਿਹਨਾਂ ਕਰਕੇ ਸਾਹਿਤ ਰਸੀਆਂ, ਪ੍ਰਸ਼ੰਸਕਾਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਨੇ ਇਸ ਪਹਿਲੀ ਕਿਤਾਬ ਦੀ ਵੀ ਭਾਲ ਟੋਲ਼ ਸ਼ੁਰੂ ਕਰ ਦਿੱਤੀ। ਜਿਸ ਕਰਕੇ ਚੇਤਨਾ ਪ੍ਰਕਾਸ਼ਨ ਨੇ ਇਸ ਨੂੰ ਪੁਨਰ ਪ੍ਰਕਾਸ਼ਤ ਕਰਨ ਦਾ ਮਨ ਬਣਾਇਆ। ਮੈਨੂੰ ਚੰਗਾ ਲੱਗਾ। ਦੁਬਾਰਾ ਛਪਣ ਦੀ ਪ੍ਰਕਿਰਿਆ ਕਾਰਨ ਮੈਨੂੰ ਇਸ ਦੇ ਅੱਖਰਾਂ ਵਿਚੀਂ ਕਈ ਵਾਰ ਨੀਝ ਨਾਲ ਲੰਘਣ ਦਾ ਮੌਕਾ ਮਿਲਿਆ। ਆਪਣੇ ਬੀਤੇ ਨੂੰ 20-25 ਸਾਲ ਦੀ ਦੂਰੀ ਤੋਂ ਨਿਹਾਰ ਸਕਿਆ। ਪਹਿਲੀ ਉਮਰੇ ਕੀਤੀ ਰਚਨਾ ਨੂੰ ਪਾਠਕ ਵਾਂਗ ਫਾਸਲੇ ਤੋਂ ਪੜ੍ਹਨ ਦਾ ਸਬੱਬ ਬਣਿਆ। ਆਪਣਾ ਆਪ ਚੰਗਾ-ਚੰਗਾ ਲੱਗਾ, ਆਪਣੇ ਆਪ ਦਾ ਬੜਾ ਪਿਆਰ ਆਇਆ।

ਅਜਿਹੇ ਪਿਆਰ ਨਾਲ ਭਰੇ ਦਿਲ ਨਾਲ ਮੈਂ ਇਹ ਕਿਤਾਬ ਪੁਨਰ ਭੇਂਟ ਕਰਦਾ ਹਾਂ।

ਅਗਸਤ 2011

*-ਜਸਵੰਤ ਜ਼ਫ਼ਰ*

# ਆਦਿਕਾ

ਜਸਵੰਤ ਜ਼ਫ਼ਰ ਦੀਆਂ ਕਵਿਤਾਵਾਂ ਦੇ ਇਸ ਪਹਿਲ ਪਲੇਠੇ ਸੰਗ੍ਰਹਿ 'ਚੋਂ ਗੁਜ਼ਰਦਿਆਂ ਥਾਂ-ਥਾਂ ਉਸ ਦੀ ਪ੍ਰਤਿਭਾ ਦੇ ਝਲਕਾਰੇ ਮਿਲਦੇ ਹਨ; ਕਿਤੇ ਉਸ ਦੇ ਬਿੰਬਾਂ ਚਿੰਨਾਂ ਦੀ ਮੌਲਿਕਤਾ, ਕਿਤੇ ਉਸ ਦੇ ਅਹਿਸਾਸ ਦੀ ਬਰੀਕੀ ਤੇ ਕਿਤੇ ਜੀਵਨ ਬਾਰੇ ਉਸ ਦੀ ਸੂਝ ਪੜ੍ਹਨਹਾਰ ਦੇ ਦਿਲ ਨੂੰ ਟੁੰਬ ਜਾਂਦੀ ਹੈ।

ਉਸ ਦੀ ਸਾਂਵੀਂ ਮਾਨਸਿਕਤਾ ਦੇ ਪੈਰ ਹਮੇਸ਼ਾ ਧਰਤੀ 'ਤੇ ਰਹਿੰਦੇ ਹਨ। ਬਿਆਨ ਦੇ ਪੱਖੋਂ ਵੀ ਵਧੇਰੇ ਕਰਕੇ ਉਹ ਧੀਮੀ ਸੁਰ ਵਾਲਾ, ਨਿੱਗਰ ਅਤੇ ਸਪਸ਼ਟ ਹੈ। ਉਸ ਦਾ ਬਿਆਨ ਬੇਲੋੜੇ ਲਫ਼ਜ਼ਾਂ ਅਤੇ ਸਜਾਵਟੀਪਨ ਤੋਂ ਵੀ ਮੁਕਤ ਹੈ।

ਵਿਸ਼ੇ ਪੱਖੋਂ ਉਹ ਜੀਵਨ ਵਿਚ ਥਾਂ ਪਰ ਥਾਂ ਟਕਰਾਉਂਦੀਆਂ ਹਕੀਕਤਾਂ ਦਾ ਤਰਜਮਾਨ ਹੈ। ਕਿਸੇ ਇਕ ਵਿਸ਼ੇ ਜਾਂ ਭਾਵਨਾ ਨਾਲ ਉਸ ਦਾ ਵਿਸ਼ੇਸ਼ ਲਗਾਉ ਨਹੀਂ। ਉਹ ਕਿਸੇ ਇਕ ਹੀ ਪ੍ਰਸ਼ਨ ਦੀ ਪਕੜ ਵਿਚ ਨਹੀਂ- ਕਿਸੇ ਇਕ ਹੀ ਮਸਲੇ ਦਾ ਉਸ ਉੱਤੇ ਪਹਿਰਾ ਵੀ ਨਹੀਂ। ਇਹ ਗੱਲ ਮੈਂ ਉਸਦੀ ਵਡਿਆਈ ਵਜੋਂ ਨਹੀਂ ਕਹਿ ਰਿਹਾ, ਸਿਰਫ਼ ਉਸ ਦੀ ਇੱਕ ਖ਼ਾਸੀਅਤ ਉਭਾਰਨ ਲਈ ਕਹਿ ਰਿਹਾ ਹਾਂ ਕਿਉਂਕਿ ਵਡਿਆਈ ਤਾਂ ਏਸ ਗੱਲ ਵਿਚ ਵੀ ਹੋ ਸਕਦੀ ਹੈ ਕਿ ਕੋਈ ਕਲਾਕਾਰ ਜਾਂ ਚਿੰਤਕ ਕਿਸੇ ਇਕ ਹੀ ਵੱਡੇ ਪ੍ਰਸ਼ਨ ਨਾਲ ਜ਼ਿੰਦਗੀ ਭਰ ਜੂਝਦਾ ਰਹੇ, ਉਸ ਦੇ ਵੱਖ-ਵੱਖ ਪਾਸਾਰਾਂ ਨੂੰ ਨਿਹਾਰਦਾ ਨਿਰੂਪਦਾ ਰਹੇ।

ਜ਼ਫ਼ਰ ਦੇ ਇਸ ਸੰਗ੍ਰਹਿ 'ਤੇ ਪੰਜਾਬ ਦੇ ਵਰਤਮਾਨ ਸੰਤਾਪ ਦਾ ਪਰਛਾਂਵਾਂ ਗੂੜ੍ਹਾ ਹੈ। ਪਰ ਇਸ ਸੰਤਾਪ ਪ੍ਰਤੀ ਉਸ ਦਾ ਰਵਈਆਂ ਰੁਦਨ ਤੇ ਰੋਹ ਤੋਂ ਵੱਖਰਾ ਹੈ- ਉਹ ਸੋਚ ਤੇ ਵਿਸ਼ਲੇਸ਼ਣ ਦੇ ਰਾਹ ਪੈਂਦਾ ਹੈ ਪਰ ਇਸ ਦੇ ਬਾਵਜੂਦ ਉਹ ਅਣਕਾਵਿਕ ਜਾਂ ਬੋਝਲ ਨਹੀਂ।

ਇਸ ਸੰਗ੍ਰਹਿ ਵਿਚ ਨਜ਼ਮਾਂ ਵੀ ਹਨ, ਗ਼ਜ਼ਲਾਂ ਵੀ ਤੇ ਗੀਤ ਵੀ। ਇਹ ਤਿੰਨੇ ਰੂਪ ਜ਼ਫ਼ਰ ਦੀ ਸ਼ਿਲਪ-ਸੂਝ ਦੀ ਗਵਾਹੀ ਦੇਂਦੇ ਹਨ। ਉਸ ਦੀਆਂ ਨਜ਼ਮਾਂ ਵਿਚ ਵਿਅੰਗ ਤੇ ਵੇਦਨਾ ਦਾ ਇਹ ਰੰਗ ਉਸ ਦੀ ਪ੍ਰਾਪਤੀ ਹੈ:

ਧੁੱਪ ਨਹੀਂ ਮੈਂ ਸੂਰਜ ਦੀ
ਜੋ

ਉੱਲੂਆਂ ਦੀਆਂ ਅੱਖਾਂ ਚੁੰਧਿਆਉਂਦੀ ਹੈ

ਮੈਂ ਨਹੀਂ ਚੰਨ ਦੀ ਚਾਨਣੀ
ਜੋ
ਚੋਰਾਂ ਨੂੰ ਵਿਘਨ ਪਾਉਂਦੀ ਹੈ

ਮੈਂ ਲਾਟ ਨਹੀਂ ਹਾਂ ਅੱਗ ਦੀ
ਜੋ
ਹੈਵਾਨਾਂ ਨੂੰ ਡਰਾਉਂਦੀ ਹੈ

ਤੁਸੀਂ ਕਿਉਂ ਖ਼ਫ਼ਾ ਹੋ ਅਣਪਛਾਤਿਓ
ਮੇਰੀ ਜੁਗਨੂੰ ਦੀ ਲੋਅ ਤਾਂ
ਮੇਰੇ ਸ਼ਿੰਗਾਰ ਜੋਗੀ
ਮੇਰੀ ਪਛਾਣ ਜੋਗੀ

ਮੇਰੀ ਦਰਖ਼ਾਸਤ ਹੈ
ਮੇਰੀ ਜਾਨ ਬਖਸ਼ੀ ਜਾਏ

ਇਸੇ ਤਰ੍ਹਾਂ ਕਵਿਤਾ "ਸੈਕੂਲਰ" ਮੌਜੂਦਾ ਭਾਰਤ ਦੀ ਸੰਪ੍ਰਦਾਇਕ ਸਥਿਤੀ ਬਾਰੇ ਮੌਲਿਕ ਅਤੇ ਤਿੱਖੀ ਟਿੱਪਣੀ ਕਰਦੀ ਹੈ:

ਕੌਣ ਬਚਿਆ ਹੈ ਸੈਕੂਲਰ ਅੱਜ-ਕੱਲ੍ਹ
ਯਾਰ?
ਅਖ਼ਬਾਰ?
ਸਰਕਾਰ?
ਪਰਚਾਰ?
ਕਿ ਹਥਿਆਰ?

ਸੈਕੂਲਰ ਤਾਂ ਲਗਦੇ ਨੇ ਸਿਰਫ਼
ਰੁੱਖ

ਦੁੱਖ
ਸੁੱਖ
ਭੁੱਖ
ਤੇ ਜਾਂ ਕੁੱਖ

"ਗੁਆਚੇ ਦੀ ਭਾਲ" ਤੇ "ਮਿੱਟੀ ਦੇ ਬਾਵੇ" ਆਦਿ ਕਵਿਤਾਵਾਂ ਦੀ ਸੰਵੇਦਨਾ, ਨਿਭਾਅ, ਸਰੋਕਾਰ ਤੇ ਪਹੁੰਚ ਇਨ੍ਹਾਂ ਨੂੰ ਮਹੱਤਵਪੂਰਨ ਬਣਾਉਂਦੀ ਹੈ।

ਗੀਤ ਭਾਂਵੇਂ ਜ਼ਫ਼ਰ ਦਾ ਮੁੱਖ ਰੂਪ ਨਹੀਂ, ਫਿਰ ਵੀ ਗੀਤਾਂ ਵਿਚ ਵੀਂ ਉਸ ਦੀ ਹੁਨਰਮੰਦੀ ਤੇ ਅਹਿਸਾਸ ਦਾ ਹੁਸਨ ਉਜਾਗਰ ਹੁੰਦਾ ਹੈ:

ਉਜੜੇ ਖੂਹ ਵਰਗੀ ਸੀ ਜਿੰਦੂ, ਜਿਉਂਦੀ ਸ਼ੈ ਨਾ ਕੋਲ
ਨਾ ਹੀ ਟਿਕ ਟਿਕ ਨਾ ਹੀ ਗੀਂ ਗੀਂ, ਨਾ ਹੀ ਗੁਟਕੂੰ ਬੋਲ
ਨਾ ਹੀ ਟੱਲੀਆਂ ਨਾ ਹੀ ਘੁੰਗਰੂ, ਨਾ ਲੱਜਾਂ ਨਾ ਡੋਲ
ਪਰ ਜਦ ਸੱਜਣ ਏਧਰ ਆਏ ਖਿੜ ਗਈ ਕਾਇਆਨਾਤ

ਜਸਵੰਤ ਜ਼ਫ਼ਰ ਦੀਆਂ ਗ਼ਜ਼ਲਾਂ ਆਪਣੀ ਰਵਾਨੀ, ਬਿੰਬਾਂ, ਪ੍ਰਤੀਕਾਂ ਦੀ ਮੌਲਿਕਤਾ ਤੇ ਵਿਚਾਰ ਦੀ ਤੀਖਣਤਾ ਕਾਰਨ ਖ਼ਾਸ ਅਹਿਮੀਅਤ ਦੀਆਂ ਅਧਿਕਾਰੀ ਬਣਦੀਆਂ ਹਨ। ਪੰਜਾਬ ਦੇ ਪ੍ਰਸਿੱਧ ਛੰਦ ਕਲੀ ਦੀ ਬਹਿਰ ਵਿਚ ਲਿਖੀ ਉਸ ਦੀ ਗ਼ਜ਼ਲ ਦੇ ਕੁੱਝ ਸ਼ੇਅਰ ਉਦਾਹਰਣ ਲਈ ਪੇਸ਼ ਹਨ (ਕਲੀ ਦੀ ਬਹਿਰ ਵਿਚ ਗ਼ਜ਼ਲ ਲਿਖਣ ਵਾਲਾ ਸ਼ਾਇਦ ਜ਼ਫ਼ਰ ਪਹਿਲਾ ਪੰਜਾਬੀ ਕਵੀ ਹੈ):

ਟਪ ਚੁੱਕੀਆਂ ਨੇ ਲੋੜਾਂ ਖ਼ਤਰੇ ਦਿਆਂ ਨਿਸ਼ਾਨਾਂ ਨੂੰ
ਬੰਨ੍ਹ ਹੈ ਟੁੱਟਣ 'ਤੇ ਈਮਾਨ ਮੇਰੇ ਦਾ ਆਇਆ

ਦੁਨੀਆਂ ਦਾ ਰੰਗ ਬਦਲ ਸਕੇ ਨਾ ਸਾਰੀ ਉਮਰਾ ਹੀ
ਆਖ਼ਰ ਤੇ ਰੰਗ ਆਪਣੀ ਐਨਕ ਦਾ ਬਦਲਾਇਆ

ਪੁਟਦੇ ਪੁਟਦੇ ਸੀ ਜਦ ਜੜ੍ਹ ਤਕ ਪਹੁੰਚੇ ਮਸਲੇ ਦੀ
ਤੱਕਿਆ ਓਥੇ ਸੀ ਇਖ਼ਲਾਕ ਪਿਆ ਦਫ਼ਨਾਇਆ

ਕੁੱਝ ਹੋਰ ਗ਼ਜ਼ਲਾਂ ਦੇ ਸ਼ਿਅਰ ਵੀ ਸੰਵੇਦਨਾ ਦੇ ਸੱਜਰੇਪਨ ਕਾਰਨ ਮਨ

ਨੂੰ ਢੂੰਹਦੇ ਹਨ:


ਮੁੜ ਮੁੜ ਪਿੱਛੇ ਵੇਖਦੇ, ਠੇਡੇ ਖਾ ਖਾ ਰੋਂਵਦੇ
ਟੇਢੀ ਮੇਢੀ ਵਾਟ ਸੀ ਸਿਰ ਯਾਦਾਂ ਦਾ ਭਾਰ ਸੀ

ਪੁੰਨ ਕੀ ਹੈ ਤੇ ਪਾਪ ਕੀ, ਝੂਠ ਕੀ ਹੈ ਤੇ ਸੱਚ ਕੀ
ਵਿਚ ਵਿਚਾਲੇ ਹਿੱਲਦੀ, ਫੈਸਲਿਆਂ ਦੀ ਤਾਰ ਸੀ
ਜਾਂ
ਆਪ ਹੀ ਆਪਣੀ ਸ਼ਾਇਰੀ ਲਾਗੇ ਖੜ੍ਹਦਾ ਨਈਂ
ਤੇ ਕਹਿੰਦਾ ਕਿ ਕੋਈ ਸਾਨੂੰ ਪੜ੍ਹਦਾ ਨਈਂ

ਬਾਰੇ ਖੋਲ੍ਹੀਂ ਜੇ ਤੱਕਣਾ ਮੁਖ ਸੂਰਜ ਦਾ,
ਸੂਰਜ ਬੀਬਾ ਕਮਰੇ ਅੰਦਰੋਂ ਚੜ੍ਹਦਾ ਨਈਂ

ਇਸ ਵੇਲੇ ਪੰਜਾਬੀ ਮਨ ਜਿਸ ਇਤਿਹਾਸਕ ਮੋੜ 'ਤੇ ਖੜ੍ਹਾ ਹੈ, ਉਸ ਅੰਦਰ ਕਈ ਚੜ੍ਹਦੀਆਂ ਉਤਰਦੀਆਂ ਹਨ, ਉਹ ਆਪਣੇ ਭੂਤ ਭਵਿੱਖ ਦੇ ਪ੍ਰਸੰਗ ਵਿੱਚ ਵਰਤਮਾਨ ਨੂੰ ਨਿਹਾਰ ਰਿਹਾ ਹੈ ਤੇ ਵਰਤਮਾਨ ਦੇ ਪ੍ਰਸੰਗ ਵਿਚ ਭੂਤ ਭਵਿੱਖ ਨੂੰ ਚਿਤਵ ਰਿਹਾ ਹੈ। ਸਾਨੂੰ ਸਾਡੇ ਮਨਾਂ ਦੀਆਂ ਤਹਿਆਂ ਫਰੋਲਣ ਵਾਲੀਆਂ ਸੱਚੀਆਂ ਸੁੱਚੀਆਂ ਰਚਨਾਵਾਂ ਦੀ ਬੇਹੱਦ ਲੋੜ ਹੈ। ਖ਼ਾਸ ਕਰਕੇ ਪੰਜਾਬੀ ਨੌਜਵਾਨ ਇਸ ਵੇਲੇ ਆਪਣੇ ਰੋਲ ਦੀ ਪਹਿਚਾਣ ਦਾ ਸਚੇਤ ਜਾਂ ਅਚੇਤ ਤੌਰ 'ਤੇ ਜਿੰਨਾ ਮੁਤਲਾਸ਼ੀ ਹੈ, ਏਨਾ ਸ਼ਾਇਦ ਕਦੇ ਵੀ ਨਹੀਂ ਸੀ। ਇਸ ਮੌਕੇ 'ਤੇ ਪੰਜਾਬੀ ਕਾਵਿ-ਖੇਤਰ ਵਿਚ ਪ੍ਰਵੇਸ਼ ਪਾ ਰਹੇ ਇਹ ਸੰਭਾਵਨਾਵਾਂ ਭਰੇ ਨੌਜਵਾਨ ਕਵੀ ਜਸਵੰਤ ਜ਼ਫ਼ਰ ਨੂੰ ਜੀ ਆਇਆਂ ਨੂੰ ਆਖਦਾ ਹਾਂ। ਆਸ ਕਰਦਾ ਹਾਂ ਕਿ ਉਹ ਆਪਣੇ ਜੀਉ, ਪਿੰਡ, ਬ੍ਰਹਿਮੰਡ ਨੂੰ ਹੋਰ ਵੀ ਇਕਾਗਰਤਾ ਨਾਲ ਆਤਮਸਾਤ ਕਰੇਗਾ ਤੇ ਸਾਡੇ ਮਨਾਂ ਨੂੰ ਜਗਾਉਣ ਅਤੇ ਤ੍ਰਿਪਤਾਉਣ ਵਾਲੀ ਸ਼ਾਇਰੀ ਕਰਦਾ ਰਹੇਗਾ।

*ਮਾਰਚ 1993* *-ਸੁਰਜੀਤ ਪਾਤਰ*



ਰੁੱਖੀਂ ਹਥਿਆਰ ਫੁੱਟੇ
ਫੁੱਲ ਖਿੜੇ ਅੱਗ ਦੇ
ਕੇਹੀ ਆਈ ਚੰਦਰੀ ਬਹਾਰ

## ਸੈਕੂਲਰ

ਕੌਣ ਬਚਿਆ ਹੈ ਸੈਕੂਲਰ ਅੱਜ-ਕੱਲ

ਯਾਰ?

ਅਖ਼ਬਾਰ?

ਸਰਕਾਰ?

ਪਰਚਾਰ?

ਕਿ ਹਥਿਆਰ?

ਸੈਕੂਲਰ ਤਾਂ ਲਗਦੇ ਨੇ ਸਿਰਫ਼

ਰੁੱਖ

ਦੁੱਖ

ਸੁੱਖ

ਭੁੱਖ

ਤੇ ਜਾਂ ਕੁੱਖ

•

## ਤਲਖ਼ ਤਕਰੀਰ

ਤੁਸੀਂ ਆਪਣੀ ਸ਼ੁਹਰਤ ਦਾ ਉਪ-ਗ੍ਰਹਿ
ਆਕਾਸ਼ ਵਿਚ ਦਾਗਣ ਵਾਲੇ ਹੋ
ਇਸ ਸ਼ੁੱਭ ਅਵਸਰ ਤੇ ਮੈਂ
ਤੁਹਾਨੂੰ ਕਿੰਜ ਮੁਬਾਰਕਬਾਦ ਦਿਆਂ
ਮੈਂ ਤਾਂ ਤੁਹਾਡੇ ਲਈ
ਮਨਹੂਸ ਖ਼ਬਰ ਲਿਆਇਆ ਹਾਂ
ਕਿ ਤੁਹਾਡੇ ਇਖ਼ਲਾਕ ਦਾ ਬੇੜਾ
ਡੂੰਘੇ ਸਾਗਰੀਂ ਗਰਕ ਚੁੱਕਾ ਹੈ।
ਤੁਸੀਂ ਬੜੇ 'ਆਸ਼ਾਵਾਦੀ' ਹੋ
ਕਿਉਂਕਿ ਤੁਹਾਨੂੰ ਇੱਕੀਵੀਂ ਸਦੀ ਦੇ
ਪਹਿਲੇ ਸਾਲ ਦੇ ਪਹਿਲੇ ਮਹੀਨੇ ਦੇ
ਪਹਿਲੇ ਦਿਨ ਤੇ ਬੜੀਆਂ ਆਸਾਂ ਹਨ।
ਪਰ ਮੇਰਾ ਖ਼ਿਆਲਾ ਹੈ
ਕਿ

ਉਦੋਂ ਤੱਕ
ਸਮੂਹਕ ਮੌਤ ਦਾ ਹੋਰ ਬਹੁਤ ਸਾਰਾ ਸਮਾਨ
ਇਕੱਠਾ ਹੋ ਚੁੱਕਾ ਹੋਵੇਗਾ।
ਉਦੋਂ ਵੀ ਕੰਵਾਰੀ ਧੀ ਦਾ ਵਧਦਾ ਕੱਦ
ਪਿਉ ਦੇ ਉਮਰੋਂ ਪਹਿਲਾਂ
ਬੁੱਢੇ ਹੋਣ ਦਾ ਕਾਰਨ ਹੋਵੇਗਾ।
ਉਹ ਦਿਨ ਵੀ ਬਾਕੀ ਦਿਨਾਂ ਜਿਹਾ ਹੋਵੇਗਾ
ਸਵਾਏ ਰੰਗ-ਬਰੰਗੇ ਕਾਰਡਾਂ ਦੇ
ਰੇਡੀਓ ਤੇ ਟੀ.ਵੀ. ਦੇ ਵਿਸ਼ੇਸ਼ ਪ੍ਰੋਗਰਾਮਾਂ ਦੇ
ਜਾਂ ਉਹਨਾਂ ਭਾਸ਼ਨਾਂ ਦੇ
ਜਿਹਨਾਂ ਦੀ ਰੂਪ-ਰੇਖਾ ਤਾਂ
ਅਸੀਂ ਗਿਆਰਾਂ ਵਰ੍ਹੇ ਪਹਿਲਾਂ ਹੀ ਜਾਣਦੇ ਹਾਂ।
ਪਰ ਨਵੇਂ ਯੁੱਗ ਦੀਆਂ ਸੁਨਹਿਰੀ ਕਿਰਨਾਂ ਦੀ
ਗਠੜੀ ਦੀ ਗੰਢ ਤਾਂ
ਸਾਡੀ ਸੋਚ ਤੇ ਸਾਡੇ ਹੱਥਾਂ ਨੇ ਖੋਲ੍ਹਣੀ ਹੈ
ਭਵਿੱਖ ਦੇ ਕਲੰਡਰ ਦੀਆਂ ਤਰੀਕਾਂ ਨੇ ਨਹੀਂ।
ਆਮ ਰਿਵਾਜ ਵਾਂਗ ਮੇਰੀ ਗੱਲ ਦਾ
ਗਲਤ ਅਰਥ ਨਾ ਲੈਣਾ
ਬੇਸ਼ੱਕ ਇਕ ਸ਼ਬਦ ਦੇ ਕਈ ਅਰਥ ਹੋ ਸਕਦੇ ਹਨ
ਪਰ ਇਹ ਨਹੀਂ
ਕਿ
ਆਜ਼ਾਦੀ ਨਿਰੀ ਆਵਾਰਗੀ ਹੈ
ਸਾਊਪੁਣੇ ਦਾ ਅਰਥ ਬੁਜ਼ਦਿਲੀ ਹੈ
ਸੀਨਾਜ਼ੋਰੀ ਬਹਾਦਰੀ ਦਾ ਨਾਮ ਹੈ
ਸਹਿਮ ਤੋਂ ਭਾਵ ਇੱਥੇ ਸਭ ਠੀਕ-ਠਾਕ ਹੈ
ਇੱਥੇ ਸਭ ਅਮਨ-ਅਮਾਨ ਹੈ

ਮੰਨਿਆਂ ਕਿ ਜ਼ਿੰਦਗੀ ਨੂੰ
ਸਹੀ ਅਰਥਾਂ 'ਚ ਓਹੀ ਮਾਣਦੇ ਹਨ
ਜੋ ਲੜਨਾ ਤੇ ਮਰਨਾ ਜਾਣਦੇ ਹਨ
ਪਰ ਉਸਨੂੰ ਕਿੰਜ ਕਹੀਏ
ਜ਼ਿੰਦਗੀ ਦਾ ਸ਼ਾਹ-ਅਸਵਾਰ
ਖ਼ੁਦਕਸ਼ੀ ਕੀਤੀ ਹੈ ਜਿਸਨੇ
ਪਤਾ ਨਹੀਂ ਕਿੰਨੀ ਕੁ ਵਾਰ।

ਵੇਖਦੇ ਹਾਂ
ਜਵਾਨ ਪੁੱਤਾਂ ਦੇ ਸਿਵੇ ਸੇਕਦੇ ਬਾਪ
ਪੁੱਤ ਉਡੀਕਦੀਆਂ ਮਾਵਾਂ
ਸੁੰਨੀਆਂ ਉਦਾਸ ਰਾਹਵਾਂ
ਰੁਜ਼ਗਾਰ ਦੀ ਭਾਲ ਕਰਦਿਆਂ
ਜਵਾਨੀ ਪੈ ਗਈ ਹੈ ਕਬਰਾਂ ਦੇ ਰਾਹ
ਸੂਹੇ ਸਾਲੂਆਂ ਤੇ ਫੁਲਕਾਰੀਆਂ ਦੇ ਰੰਗ
ਬਿਖਰ ਰਹੇ ਹਨ
ਸੜਕਾਂ ਤੇ ਚੌਰਾਹਿਆਂ ਦੇ ਵਿਚਕਾਰ
ਮਾਸੂਮ ਘੁੱਗੀਆਂ, ਚਿੜੀਆਂ ਤੇ ਬੁਲਬੁਲਾਂ
ਹੋ ਗਈਆਂ ਉੱਕੇ ਨਿਸ਼ਾਨਿਆਂ ਦਾ ਸ਼ਿਕਾਰ।

ਇਕ ਬੋਟ ਜਿਹਾ ਬਾਲ
ਦੁੱਧ ਮੰਗਦਾ ਹੈ, ਦੁਲਾਰ ਮੰਗਦਾ ਹੈ
ਨਿੱਘ ਤੇ ਪਿਆਰ ਮੰਗਦਾ ਹੈ
ਬਾਰੂਦ ਦੀ ਚੁਟਕੀ ਨਹੀਂ।
ਜਵਾਨੀ ਹਾਣ ਦਾ ਪਿਆਰ ਮੰਗਦੀ ਹੈ
ਡੌਲਿਆਂ ਦੇ ਤਾਣ ਦਾ ਰੁਜ਼ਗਾਰ ਮੰਗਦੀ ਹੈ

ਪਰ ਕੈਸੀ ਸੀਤ ਲਹਿਰ ਦਾ ਪ੍ਰਭਾਵ ਹੈ
ਕਿ ਸਾਡੇ ਆਪਣੇ ਸਿਵੇ ਦੇ ਸੇਕ ਨੇ ਵੀ
ਸਾਨੂੰ ਗਰਮਾਇਆ ਨਹੀਂ
ਲਗਦੈ ਭਵਿੱਖ ਸਾਡੇ ਤੇ ਇਲਜ਼ਾਮ ਲਾਏਗਾ
ਕਿ ਅਸੀਂ
ਆਪਣੇ ਧੜਾਂ ਉੱਪਰ
ਸਿਰਾਂ ਦਾ ਵਾਧੂ ਭਾਰ
ਚੁੱਕੀ ਫਿਰਦੇ ਰਹੇ ਹਾਂ।

ਆਓ
ਡੁੱਬ ਚੱਲੇ ਸੂਰਜ ਨੂੰ
ਬਾਹਾਂ ਦੀਆਂ ਥੰਮ੍ਹੀਆਂ ਦੇਈਏ
ਆਧੁਨਿਕਤਾ ਨੂੰ ਕਲੰਡਰ ਦੇ ਗਜ਼ ਨਾਲ ਨਾ ਨਾਪੀਏ
ਸ਼ਬਦਾਂ ਨੂੰ ਢੁਕਵੇਂ ਨਹੀਂ
ਸਹੀ ਅਰਥ ਦੇਈਏ
ਮਨੁੱਖਤਾ ਦੇ ਡੁੱਲ੍ਹੇ ਖ਼ੂਨ ਦੀ
ਲਾਲੀ ਇਕੱਠੀ ਕਰੀਏ।
ਸ਼ਹਿਰ-ਸ਼ਹਿਰ ਗਲੀ-ਗਲੀ
ਨੂਰੋ-ਨੂਰ ਕਰੀਏ
ਹੁਣ ਤੱਕ ਖਾਧੇ ਸੂਰਜਾਂ ਦਾ
ਲਹਿੰਦੇ ਤੋਂ ਹਿਸਾਬ ਮੰਗੀਏ
ਪੌਣਾਂ 'ਚ ਘੁਲ਼ੀ
ਨਾਗਾਂ ਵਰਗੇ ਨਾਹਰਿਆਂ ਦੀ ਜ਼ਹਿਰ ਚੂਸ ਕੱਢੀਏ
ਤੇ ਸਾਹ ਲਈਏ ਉਸ ਪਾਕ ਫਿਜ਼ਾ ਵਿਚ
ਜਿਸ ਵਿਚ ਨਾਨਕ ਦੇ ਬੋਲ ਗੂੰਜਦੇ ਨੇ
ਤੇ ਮਰਦਾਨੇ ਦੀ ਰਬਾਬ
ਆਪਣੇ ਸੁਰ ਅਲਾਪਦੀ ਹੈ।
•

## ਮਾਵਾਂ

ਓਦੋਂ ਜਦ ਸਾਂ
ਘਰ ਪਰਤਦਾ ਸ਼ਾਮ ਨੂੰ
ਤਰਲੇ ਦੇ ਨਾਲ ਮਾਂ ਕਹਿੰਦੀ ਸੀ-
ਪੁੱਤ ਘਰ ਵੇਲੇ ਸਿਰ ਆਇਆ ਕਰ
ਬਾਹਰ ਹਾਲਤ ਠੀਕ ਨਹੀਂ।

ਹੁਣ ਜਦ ਮੈਂ ਪਰਦੇਸੀ ਹੋਇਆ
ਹਰ ਹਫ਼ਤੇ ਮਾਂ ਦਾ ਖ਼ਤ ਪੜ੍ਹਦਾਂ
ਤਰਲੇ ਦੇ ਨਾਲ ਮਾਂ ਲਿਖਦੀ ਹੈ-
ਪੁੱਤ ਹਾਲੇ ਘਰ ਆਵੀਂ ਨਾ
ਏਥੇ ਹਾਲਤ ਠੀਕ ਨਹੀਂ।

•

## ਮਿੱਟੀ ਦੇ ਬਾਵੇ

ਕੀ ਬੋਲੇਗਾ ਮਿੱਟੀ ਦਾ ਬਾਵਾ
ਇਹੀ ਕਿ ਉਹਦੀਆਂ ਅੱਖਾਂ ਸਾਹਵੇਂ
ਉਹਦੀ ਮਾਂ ਤੇ ਭੈਣ ਦੀ
ਬੇਪਤੀ ਹੋਈ ਸੀ
ਕਿ ਉਹਦੀ ਹੋਣ ਵਾਲੀ ਬੀਵੀ ਦੀ
ਅਜੇ ਤੱਕ ਉੱਘ ਸੁੱਘ ਨਹੀਂ ਮਿਲੀ।
ਫੂਕੇ ਘਰ ਦੇ ਸੇਕ ਨਾਲ ਤਾਂ
ਮਿੱਟੀ ਦਾ ਬਾਵਾ ਪੱਕ ਕੇ
ਮਨੂਰ ਜਿਹਾ ਬਣ ਗਿਆ ਹੈ
ਤੇ ਆਖਦਾ ਹੈ
"ਖ਼ਬਰਦਾਰ, ਮੈਨੂੰ ਮਿੱਟੀ ਦਾ ਬਾਵਾ ਕਿਹਾ ਤਾਂ
ਦੇਖੋ ਮੇਰੇ ਹੱਥਾਂ 'ਚ ਹਥਿਆਰ ਉੱਗ ਆਏ ਹਨ।"
ਤੇ ਸੱਚ-ਮੁੱਚ
ਦੇਸੀ ਤੇ ਬਦੇਸ਼ੀ ਹਥਿਆਰਾਂ ਦੇ ਹੱਥਾਂ 'ਚ ਖੇਡਦਾ
ਖਿਡਾਉਣਾ ਬਣ ਗਿਆ ਹੈ
ਮਿੱਟੀ ਦਾ ਬਾਵਾ।

ਮਿੱਟੀ ਦਾ ਬਾਵਾ ਕੀ ਬੋਲੇਗਾ
ਇਹੀ ਕਿ ਉਹਦੀ ਭੁੱਖ ਨੂੰ
ਸਰਕਾਰੀ ਬੰਦੂਕ ਚੱਕਣੀ ਪਈ

ਕਿ ਉਹਦੀ ਮਿੱਟੀ ਨੂੰ
ਲਾਲ, ਨੀਲਾ ਤੇ ਖਾਕੀ ਰੋਗਨ ਕਰਕੇ
ਬਣਾ ਦਿੱਤਾ ਬਾਵੇ ਤੋਂ ਪਿਆਦਾ।
ਕਿ ਉਹਦੇ ਪਿਛਿਓਂ ਹੁਕਮ ਚੜ੍ਹਦੇ ਹਨ
ਅੱਗਿਓਂ ਤੁਖ਼ਮ ਉੱਡਦੇ ਹਨ
ਬਿਰਧ ਮਾਂ-ਪਿਓ ਦੇ ਹੱਥਾਂ ਦੀਆਂ ਲਕੀਰਾਂ ਨਾਲ
ਉਕਰੇ ਨਕਸ਼ੇ ਵਾਲੇ ਦੇਸ਼ ਦੀ
ਏਕਤਾ ਤੇ ਅਖੰਡਤਾ ਦਾ ਸੁਆਲ ਹੁੰਦਾ ਹੈ।
ਤਨ ਤੇ ਵਰਦੀ ਹੁੰਦੀ ਹੈ
ਮੂਹਰੇ ਵਰ੍ਹਦੀ ਹੁੰਦੀ ਹੈ
ਬਾਲਾਂ ਦਾ ਯਤੀਮਾਂ ਵਾਲਾ ਭਵਿੱਖ ਹੁੰਦਾ ਹੈ
ਬੀਵੀ ਦੇ ਨੈਣਾਂ 'ਚ
ਚਿੰਤਾ ਦੀ ਡੋਰ ਤਰਦੀ ਹੁੰਦੀ ਹੈ।

ਮਿੱਟੀ ਦਾ ਬਾਵਾ ਕੀ ਬੋਲੇਗਾ
ਕਿ ਉਹਦੇ ਕੇਸ ਨਹੀਂ ਤੇ ਪੱਗ ਨਹੀਂ
ਕਿ ਘਰੋਂ ਕਿਧਰੇ ਜਾਣ ਵੇਲੇ
ਮਾਂ ਵਿਲਕਦੀ ਹੈ
"ਨਾ ਜਾਈਂ ਵੇ
ਕਿਧਰੇ ਤੈਨੂੰ ਪੱਗ ਵਾਲੀ ਬੰਦੂਕ ਘੇਰ ਨਾ ਲਏ"
ਕਿ ਜਦੋਂ ਉਹ ਕਿਧਰੋਂ ਬੱਸ ਜਾਂ ਰੇਲ ਦਾ ਸਫ਼ਰ ਕਰਕੇ
ਘਰ ਜਿਉਂਦਾ-ਜਾਗਦਾ ਪਰਤਦਾ ਹੈ
ਤਾਂ ਸਭ ਬੜੀ ਹੈਰਾਨੀ ਨਾਲ ਦੇਖਦੇ ਹਨ

ਜਿਵੇਂ ਉਹਦੇ ਜਿਉਂਦੇ ਹੋਣ ਦਾ
ਯਕੀਨ ਨਾ ਆ ਰਿਹਾ ਹੋਵੇ।

ਮਿੱਟੀ ਦਾ ਬਾਵਾ ਕੀ ਬੋਲੇਗਾ
ਇਹੀ ਕਿ ਉਹ ਗੱਭਰੂ ਸੀ ਤੇ ਮੂੰਹ ਤੇ ਦਾਹੜੀ ਸੀ
ਕਿ ਉਹ ਘਰੋਂ ਬਾਹਰ ਨਹੀਂ ਸੀ ਜਾਂਦਾ
ਕਿਉਂਕਿ ਮਾਂ ਦਾ ਤੌਖਲਾ ਸੀ-
"ਦੇਖੀਂ ਕਿਤੇ ਤੈਨੂੰ ਠਾਣਾ ਨਿਗਲ ਨਾ ਜਾਵੇ"
ਫਿਰ ਵੀ ਠਾਣਾ ਲੈ ਗਿਆ ਸੀ
ਉਠਾਲ ਕੇ ਇਕ ਰਾਤ ਨੂੰ
ਤੇ ਭੰਨ-ਭੰਨ ਕੇ ਮਿੱਟੀ ਦੇ ਬਾਵੇਂ ਨੂੰ
ਮਿੱਟੀ ਬਣਾ ਦਿੱਤਾ ਸੀ।
ਤੇ ਉਸ ਮਿੱਟੀ ਵਿਚੋਂ
ਇਕ ਨਵਾਂ ਬਾਵਾ ਸਿਰਜ ਦਿੱਤਾ ਸੀ
ਜਿਹੜਾ ਪੈ ਗਿਆ ਸੀ ਜੰਗਲ ਦੇ ਰਾਹ
ਰਲ ਗਿਆ ਸੀ ਸ਼ੇਰਾਂ, ਚੀਤਿਆਂ, ਬਘਿਆੜਾਂ ਜਿਹੇ
ਖੂੰਖਾਰਾਂ ਦੇ ਸੰਗ।
ਹੁਣ ਉਹ ਨਹੀਂ ਉਹਦੀ ਬੰਦੂਕ ਬੋਲਦੀ ਹੈ
ਆਖਰੀ ਦਮ ਤੱਕ ਨਹੀਂ ਬੋਲੇਗਾ
ਬੋਲਣ ਤੋਂ ਪਹਿਲਾਂ ਹੀ
ਸਾਇਆਨਾਈਡ ਚੱਟ ਜਾਏਗਾ
ਤੇ ਸਿਰਫ਼
ਅਖ਼ਬਾਰ ਦੀ ਸੁਰਖ਼ੀ ਬੋਲੇਗੀ।

•

## ਹਾਲਾਤ

ਅੱਜ ਉਹਨਾਂ ਦੇ ਵੀ ਸਿਰਾਂ ਦੀਆਂ ਪੱਗਾਂ
ਬੇਰੀ ਦੇ ਕੰਡਿਆਂ ਉਤਾਰ ਲਈਆਂ ਹਨ
ਤੇ ਹਵਾ ਨਾਲ ਹਿਲਦੀਆਂ
ਦੂਰੋਂ ਨਜ਼ਰ ਆਉਂਦੀਆਂ ਹਨ
ਜੋ ਕਦੇ ਬੇਰ ਖਾਂਦੇ ਹਨ
ਗਿਟਕਾਂ ਬੀਜਦੇ ਸਨ
ਤੇ ਬੇਰੀਆਂ ਪਾਲਦੇ ਸਨ।

•

# ਗੁਆਚੇ ਦੀ ਭਾਲ

ਪਿੰਡ ਦੀ ਸੱਥ 'ਚ ਗੱਲਾਂ ਛਿੜੀਆਂ ਹਨ
ਬੀਤੇ ਕੱਲ੍ਹ ਦੀਆਂ
ਸੱਥ ਹਉਕੇ ਲੈਂਦੀ ਹੈ
ਵਿਛੜੇ ਅਮਨ ਨੂੰ ਯਾਦ ਕਰਕੇ।
ਅਮਨ ਜੋ
ਮਾਂ ਦੇ ਦੁੱਧ ਦੀ ਮਿਠਾਸ ਵਰਗਾ
ਦਾਦੀ ਦੀ ਲੋਰੀ ਵਰਗਾ
ਤੇ ਪੰਘੂੜੇ ਦੇ ਝੂਟੇ-ਮਾਟੇ ਵਰਗਾ ਸੀ।
ਅਮਨ ਜੋ
ਵਗਦੇ ਨਿਤਰੇ ਪਾਣੀਆਂ ਵਰਗਾ ਸੀ
ਲੋਕ-ਸੁਰਾਂ ਤੇ ਝੂਮਦੇ ਸ਼ਮਲਿਆਂ ਵਰਗਾ ਸੀ।
ਅਮਨ ਦਿਲਾਂ ਦੇ ਸਮੁੰਦਰ 'ਚ
ਚੰਚਲਤਾ ਦੀਆਂ ਮੱਛੀਆਂ
ਤੇ ਸੱਧਰਾਂ ਦੀਆਂ ਮੁਰਗਾਬੀਆਂ ਦਾ ਨਾਂ ਸੀ।
ਸੱਚੀਂ ਲੋਕ ਬੜਾ ਉਦਾਸ ਹੋ ਜਾਂਦੇ ਹਨ
ਪਿੰਡ ਛੱਡ ਗਏ ਅਮਨ ਨੂੰ ਯਾਦ ਕਰਕੇ।

ਫਿਰ ਅਮਨ ਬਾਰੇ ਕਈ ਤਰ੍ਹਾਂ ਦੇ
ਕਿਆਫ਼ੇ ਛਿੜਦੇ ਹਨ-
ਕਿ ਅਮਨ ਸਰਹੱਦੋਂ ਪਾਰ ਦਫ਼ਨਾਇਆ ਗਿਆ ਹੈ
ਕਿ ਸਰਕਾਰੀ ਫਾਇਲਾਂ ਹੇਠ
ਦੱਬ ਕੇ ਦਮ ਤੋੜ ਗਿਆ ਹੈ
ਕਿ ਮਜ਼ਹਬ ਦੇ ਦੈਂਤ ਦੀ ਖੁਰਾਕ ਬਣ ਗਿਆ ਹੈ
ਕਿ ਠਾਣੇ ਦੀ ਕੁੱਟ ਤੋਂ ਡਰਦਿਆਂ
ਅਮਨ ਨੇ ਆਤਮ-ਹੱਤਿਆ ਕਰ ਲਈ ਹੈ।

ਜਦ ਅਮਨ ਦੇ ਨਾ ਪਰਤਣ ਦੀ ਆਸ
ਦਮ ਤੋੜਦੀ ਲਗਦੀ ਹੈ
ਤਾਂ ਤਾਏ ਕਿਸ਼ਨੇ ਦੀ ਗੱਲ
ਆਸ ਦੇ ਮੂੰਹ ਪਾਣੀ ਲਾਉਂਦੀ ਹੈ-
ਕਿ ਅਮਨ ਮਰਿਆ ਨਹੀਂ ਯਾਰੋ
ਭਗੌੜਾ ਹੋ ਗਿਆ ਹੈ
ਭਗੌੜਿਆਂ ਦੇ ਨਾਂ ਬਦਲ ਜਾਂਦੇ ਹਨ
ਤੇ ਭਗੌੜੇ ਹੋਏ ਸ਼ਬਦਾਂ ਨੂੰ ਵੀ
ਬਦਲੇ ਹੋਏ ਅਰਥ ਮਿਲਦੇ ਹਨ
ਭਗੌੜਾ ਹੋਇਆ ਅਮਨ
ਅਮਨ ਉਰਫ਼ ਸਹਿਮ ਹੋ ਗਿਆ ਹੈ

ਸਹਿਮ ਜੋ ਕਦੇ ਮੂੰਹ ਸਿਰ ਲਪੇਟੀ
ਹੱਥ 'ਚ ਏ.ਕੇ. ਸੰਤਾਲੀ ਫੜੀ
ਪਿੰਡ ਦਾ ਬੂਹਾ ਖੜਕਾਉਂਦਾ ਹੈ
ਕਦੇ ਵਰਦੀ ਪਾ
ਪਿੰਡ ਨੂੰ ਧਮਕਾਉਂਦਾ ਹੈ
ਸਹਿਮ ਜੋ
ਸਾਡੀਆਂ ਮਾਵਾਂ ਦੇ
ਪੈਰਾਂ ਦੀਆਂ ਬਿਆਈਆਂ ਦੀ ਚੀਸ ਵਰਗਾ
ਤੇ ਸਾਡੀਆਂ ਦਾਦੀਆਂ ਦੇ
ਰੱਬ ਜਿੱਡੇ ਲੰਮੇ ਹਉਕੇ ਵਰਗਾ ਹੈ
ਸਹਿਮ ਨਾਂ ਹੈ
ਸਾਡੇ ਬੱਚਿਆਂ ਦੀ ਜ਼ੁਬਾਨ ਦੇ ਤੰਦੂਏ ਦਾ
ਸਾਡੇ ਖ਼ੂਨ 'ਚ ਰਲਕੇ
ਸਾਡੇ ਜਿਸਮ 'ਚ ਗਰਦਿਸ਼ ਕਰਦੀ
ਬੁਜ਼ਦਿਲੀ ਦਾ

ਅਤੇ ਸਾਡੀ ਧੌਣ ਤੇ ਰੱਖੇ
ਸਰਕਾਰੀ ਤੇ ਗੈਰ-ਸਰਕਾਰੀ
ਹਕੂਮਤ ਦੇ ਗੋਡੇ ਦਾ।

ਅਮਨ ਤਾਂ ਕਿਸੇ ਕੰਜਕ ਦੇ
ਨੈਣਾਂ ਤੋਂ ਹੋਠਾਂ ਤੱਕ ਸਫ਼ਰ ਕਰਦੀ
ਮੁਸਕਣੀ ਜਿਹਾ ਹੁੰਦਾ ਹੈ।
ਬੇਸ਼ਰਮ ਰਾਜਨੀਤੀ ਦੇ
ਲੁੱਚੇ ਹਾਸੇ ਨੂੰ
ਅਮਨ ਕਿੰਜ ਕਹੀਏ?

ਅਮਨ ਤਾਂ ਸ਼ਾਇਦ
ਮਨਾਂ ਦੀ ਉਹ ਨਾਜ਼ੁਕ ਅਵਸਥਾ ਸੀ
ਜੋ ਰਾਤ ਨੂੰ ਫਿਰਨੀ 'ਚ
ਕੁੱਤੇ ਦੇ ਰੋਣ ਨਾਲ ਹੀ
ਭੰਗ ਹੋ ਜਾਂਦੀ ਸੀ
ਤੇ ਪਿੰਡ ਦੀਆਂ ਤ੍ਰੀਮਤਾਂ
ਆਪਣੇ ਬਾਲਾਂ ਨੂੰ
ਹਿੱਕਾਂ ਨਾਲ ਘੁੱਟ ਲੈਂਦੀਆਂ ਸਨ
ਤੇ ਸਾਰੀ-ਸਾਰੀ ਰਾਤ
"ਭਲੀ ਕਰੀਂ ਸੱਚੇ ਪਾਅਸ਼ਾ" ਕਰਦੀਆਂ ਰਹਿੰਦੀਆਂ ਸਨ।

ਸਹਿਮ ਕਿਸੇ ਗੱਭਰੂ ਦੀ ਅਰਥੀ ਮਗਰ
ਸਿਵਿਆਂ ਵੱਲ ਨੂੰ ਜਾਂਦੇ
ਚਿੱਟੇ ਲੀੜਿਆਂ ਦੀ ਲੇਰ ਹੈ।
ਸਹਿਮ
ਅੱਜ ਸੋਚਾਂ 'ਚ ਪਈ

ਸੱਥ ਦੇ ਚਿਹਰਿਆਂ ਤੇ
ਪਸਰੀ ਚੁੱਪ ਦਾ ਨਾਂ ਹੈ।
ਚੁੱਪ-
ਜੋ ਅਮਨ ਦੀ ਵਾਪਸੀ ਲਈ ਮਤਾ ਪਾਸ ਕਰਦੀ ਹੈ

ਮਤਾ-
ਜਿਸ ਵਿਚ ਸ਼ਾਮਲ ਹਨ
ਪਿੰਡ ਦੀ ਨਿੰਮ ਤੇ ਪਿਲਕਣ
ਜਿਸ ਵਿਚ ਸ਼ਾਮਲ ਹਨ
ਪਿੰਡ ਦੀਆਂ ਗਲੀਆਂ ਤੇ ਕੰਧਾਂ
ਜਿਸ ਵਿਚ ਸ਼ਾਮਲ ਹਨ
ਪਿੰਡ ਦੇ ਵਿਹੜੇ ਤੇ ਬੂਹੇ
ਜਿਸ ਵਿਚ ਸ਼ਾਮਲ ਹਨ
ਪਿੰਡ ਦੇ ਚੁੱਲ੍ਹੇ ਤੇ ਭੜੋਲੇ
ਜਿਸ ਵਿਚ ਸ਼ਾਮਲ ਹਨ
ਘੋੜੀਆਂ ਤੇ ਸੁਹਾਗ
ਜਿਸ ਵਿਚ ਸ਼ਾਮਲ ਹਨ
ਚੀਰੇ ਤੇ ਕਲੀਰੇ
ਜਿਸ ਵਿਚ ਸ਼ਾਮਲ ਹਨ
ਫੱਟੀਆਂ, ਬਸਤੇ, ਕਲਮ, ਦਵਾਤਾਂ
ਜਿਸ ਵਿਚ ਸ਼ਾਮਲ ਹਨ
ਪੰਘੂੜੇ ਤੇ ਪੋਤੜੇ

ਸਭ ਰਲਕੇ ਮਤਾ ਪਾਸ ਕਰਦੇ ਹਨ
ਤੇ ਪਿੰਡ ਦੇ ਗਭਲੇ ਬੋਹੜੇ ਦੀ ਟੀਸੀ
ਪਾਸ ਹੋਏ ਚੁੱਪ ਦੇ ਮਤੇ ਦਾ
ਐਲਾਨ ਕਰਦੀ ਹੈ

ਕਿ ਅਸੀਂ
ਭਗੌੜੇ ਹੋਏ ਅਮਨ ਦੀ ਵਾਪਸੀ ਚਾਹੁੰਦੇ ਹਾਂ
ਅਸੀਂ ਰਾਜ ਮਹਿਲ ਦੇ ਥਮਲੇ ਨਾਲ ਬੱਝੇ
ਅਮਨ ਦੀ ਸਾਲਮੀ ਚਾਹੁੰਦੇ ਹਾਂ
ਅਮਨ ਖਾਣੀਆਂ ਬੰਦੂਕਾਂ ਸਟੇਨਾਂ ਦਾ
ਦੇਸ-ਨਿਕਾਲਾ ਚਾਹੁੰਦੇ ਹਾਂ
ਅਸੀਂ ਅਮਨ ਦੇ ਆਤਮ-ਹੱਤਿਆ ਕਰਨ
ਜਾਂ ਗੋਲੀ ਦਾ ਸ਼ਿਕਾਰ ਹੋਣ ਤੋਂ ਪਹਿਲਾਂ
ਉਹਦੇ ਖ਼ਿਲਾਫ਼ ਦਾਇਰ ਮੁਕੱਦਮਿਆਂ ਦੀ
ਖਾਰਜੀ ਚਾਹੁੰਦੇ ਹਾਂ।
ਅਮਨ ਜੇ ਆਪ ਪੜ੍ਹਦਾ-ਸੁਣਦਾ ਹੋਵੇ
ਤਾਂ ਪਰਤ ਆਵੇ।

ਤੇ ਫਿਰ ਮਤੇ ਦੀ ਅੰਤਲੀ ਸਤਰ ਨੂੰ
ਬੋਹੜ ਦੀ ਟੀਸੀ
ਉੱਚੀ ਆਵਾਜ਼ ਵਿਚ ਐਲਾਨਦੀ ਹੈ
ਜੋ ਅਸਮਾਨ ਵਿਚ ਘੁਲ ਕੇ
ਪੂਰੀ ਧਰਤੀ 'ਤੇ ਛਾ ਜਾਂਦੀ ਹੈ-
ਕਿ ਅਸੀਂ
ਆਪਣੇ ਦਿਲਾਂ ਦਾ
ਰਾਜ-ਭਾਗ
ਬਿਨਾਂ ਸ਼ਰਤ
ਅਮਨ ਦੇ ਹਵਾਲੇ
ਕਰਨਾ
ਚਾਹੁੰਦੇ
ਹਾਂ।
•

## ਦਾਤੇ

ਉਹਨਾਂ ਵੱਢ ਕੇ ਸਾਡੇ ਹੱਥ
ਕਰ ਕੇ ਬੋਟੀਆਂ
ਥਾਲੀ ਵਿਚ ਪਰੋਸੀਆਂ
ਸਾਡੇ ਸਾਹਵੇਂ ਰੱਖੀਆਂ
ਸ਼ੋਖ਼ ਅਦਾਵਾਂ ਨਾਲ
ਅਸੀਂ ਜੈ-ਜੈ ਕਾਰ ਕਰਦੇ ਰਹੇ
ਟੁੰਡੀਆਂ ਬਾਹਵਾਂ ਨਾਲ।

•

## ਤੁਸੀਂ ਨਹੀਂ ਜਾਣਦੀਆਂ

ਤੂੰ ਨਹੀਂ ਜਾਣਦੀ ਮੇਰੀਏ ਮਾਏ
ਕਿ ਜਿਸ ਪੁੱਤ ਨੂੰ
ਤੂੰ ਸਿਰ ਪਲੋਸ ਕੇ
ਜੀਉਂਦੇ ਰਹਿਣ ਦੀ ਅਸੀਸ ਦਿੰਦੀ ਏਂ
ਉਹ ਨਿੱਤ ਆਪਣੀ ਲਾਸ਼ ਦਾ ਭਾਰ ਢੋਂਦਾ ਹੈ।
ਇਹ ਤਾਂ ਤਾਕਤ ਹੈ ਤੇਰੇ ਪਹਿਲ-ਪਲੇਠੇ ਦੁੱਧ ਦੀ
ਜੋ ਚਹੁੰ ਜਣਿਆਂ ਦੇ ਚੁੱਕਣ ਜੋਗੇ ਭਾਰ ਨੂੰ
'ਕੱਲਾ ਚੁੱਕੀ ਫਿਰਦਾ ਹੈ।
ਰੱਬ ਕਰੇ-
ਤੂੰ ਇਹ ਜਾਣੇ ਵੀ ਨਾ।
ਮੈਨੂੰ ਪਤੈ
ਜਵਾਨ ਪੁੱਤ ਦੀ ਮੌਤ ਦੀ ਖ਼ਬਰ ਨਾਲ
ਮਾਂ ਦੇ ਜਿਗਰੇ ਦਾ ਕੜ ਪਾਟ ਜਾਂਦਾ ਹੈ।

"ਕਿਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ" ਗਾਉਣ ਵਾਲੀਏ ਭੈਣੇ
ਤੂੰ ਨਹੀਂ ਜਾਣਦੀ
ਕਿ ਜਿਸ ਵੀਰ ਦੇ ਗੁੱਟ ਤੇ ਬੰਨ੍ਹੀ ਰੱਖੜੀ
ਤੇਰੀ ਚੁੰਨੀ ਦੀ ਰਾਖੀ ਦਾ ਵਚਨ ਮੰਗਦੀ ਹੈ
ਉਹ ਅੱਜ ਕੱਲ
ਸਿਰ ਤੇ ਪੱਗ ਨਹੀਂ ਬੰਨ੍ਹਦਾ
ਸਿਰਫ਼ ਥਾਨ ਲਪੇਟਦਾ ਹੈ ਮਲਮਲ ਦਾ।

ਮੇਰੇ ਨਾਂ ਦਾ ਸਿਰ ਸੰਧੂਰ ਸਜਾਉਣ ਵਾਲੀਏ
ਤੂੰ ਨਹੀਂ ਜਾਣਦੀ

ਕਿ ਜਿਸ ਖ਼ਾਤਰ ਤੂੰ
ਦੋ ਦਹਾਕੇ, ਦੋ ਸਾਲ ਤੋਂ ਵੱਧ ਸਮਾਂ
ਦਿਲ ਦੇ ਕੰਵਾਰੇਪਨ ਨੂੰ ਸਾਂਭ ਰੱਖਿਆ ਸੀ
ਉਹਦੇ ਆਪਣੇ ਦਿਲ ਨੂੰ ਤਾਂ
ਉਹਦਾ ਦਿਮਾਗ ਨਿਗ਼ਲ ਚੁੱਕਾ ਹੈ।
ਕਿ ਜਿਸ ਦੇ ਗਲ਼ ਨੂੰ
ਤੇਰੀਆਂ ਬਾਹਵਾਂ ਵਲ਼ਦੀਆਂ ਨੇ
ਉਹ ਆਪਣੀਆਂ ਬਾਹਵਾਂ ਵੱਢ ਕੇ
'ਸਭਿਅਤਾ' ਦੀ ਦੇਵੀ ਅੱਗੇ ਚੜ੍ਹਾਵਾ ਚੜ੍ਹਾ ਚੁੱਕਾ ਹੈ,
ਮਤਾਂ ਕੁਝ ਗਲਤ ਨਾ ਕਰ ਬੈਠੇ
ਜਾਂ ਕਿਸੇ ਗਲਤੀ ਦੇ ਇਲਜ਼ਾਮ ਦੀ ਗੁੰਜਾਇਸ਼ ਨਾ ਰਹੇ।
ਤੇ ਮੈਂ ਚਾਹੁੰਦਾ ਹਾਂ
ਕਿ ਤੂੰ ਇਹ ਜਾਣੇ ਵੀ ਨਾ
ਤੇ ਤੇਰੇ ਦਿਲ ਦਾ ਵਿਸ਼ਵਾਸ ਬਣਿਆ ਰਹੇ।

ਤੂੰ ਨਹੀਂ ਜਾਣਦੀ
ਮੇਰੀਏ ਤੋਤਲੀਏ ਬੱਚੀਏ
ਕਿ ਜਿਸ ਬਾਪ ਦੇ ਮੀਟੇ ਬੁਲ੍ਹਾਂ 'ਤੇ
ਤੂੰ ਮਿਠੀਆਂ ਦੀ ਝੜੀ ਲਾਉਂਨੀ ਏਂ
ਉਹ ਅੰਦਰੋਂ ਜ਼ਿੰਦਗੀ ਦੇ ਕੌੜੇ ਜ਼ਹਿਰ ਨਾਲ
ਨੱਕੋ-ਨੱਕ ਭਰਿਆ ਪਿਆ ਹੈ।
ਫਿਰ ਵੀ ਮੈਂ ਚਾਹੁੰਦਾ ਹਾਂ
ਕਿ ਛਾਂਗੇ ਹੋਏ
ਰੁੰਡ-ਮਰੁੰਡ ਰੁੱਖ ਹੇਠ ਬੈਠਿਆਂ ਵੀ
ਤੇਰਾ ਛਾਂਵੇਂ ਹੋਣ ਦਾ ਅਹਿਸਾਸ ਬਣਿਆ ਰਹੇ।

•

## ਤਰਲਾ

ਮਾਂਏਂ 'ਵਾਜ ਮਾਰ ਲੈ ਨੀ
ਵੀਰੇ ਰਾਹ ਸਿਵਿਆਂ ਦੇ ਪੈ ਗਏ।

## ਵਾਰਦਾਤ

ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ
ਗੁਟਕਦਾ ਬੋਟ ਲੇਰ ਮਾਰਦਾ ਹੈ
ਫਿਰ ਚੁੱਪ....।
ਪੰਘੂੜੇ 'ਚੋਂ ਲਹੂ ਚੋਂਦਾ ਹੈ

## ਭਰਮ

ਅਸੀਂ ਹਵਾ ਵਿਚ ਲਟਕਦੇ
ਸੜਕਾਂ ਸਾਡੇ ਹੇਠੋਂ ਗੁਜ਼ਰਦੀਆਂ
ਤੇ ਸਾਨੂੰ ਭਰਮ ਹੈ
ਕਿ ਅਸੀਂ
ਸਦਾ ਸਫ਼ਰ ਵਿਚ ਰਹਿੰਦੇ ਹਾਂ।

•

## ਜ਼ਿੰਦਗੀ

ਜ਼ਿੰਦਗੀ ਤਾਂ ਸ਼ਾਇਦ
ਗਾਰੇ ਦੀ ਘਾਣੀ ਨਾਲ ਘੁਲ਼ਣ ਦਾ ਨਾਂ ਹੈ।

ਜ਼ਿੰਦਗੀ ਕਦੇ ਖ਼ਲਾਅ ਵਿਚ ਸਾਹ ਲੈਣ ਵਾਂਗ ਹੁੰਦੀ ਹੈ
ਤੇ ਕਦੇ
ਆਲ਼ੇ-ਭੋਲ਼ੇ ਬਾਲ ਦੇ ਕੂਲ਼ੇ ਬੁਲ੍ਹਾਂ ਤੇ ਮਿੱਠੀ ਕਰਨ ਵਾਂਗ
ਕਦੇ ਇਹ ਮਜਬੂਰੀਆਂ ਤੇ ਝੋਰਿਆਂ ਦੇ ਪੁੜਾਂ 'ਚ
ਪਿਸਣਾ ਹੁੰਦੀ ਹੈ
ਤੇ ਕਦੇ
ਸੱਜਣਾਂ ਦੀ ਜੱਫੀ ਦੀ ਘੋਟ ਬਣਦੀ ਹੈ।

ਕਦੇ ਵਕਤ ਦੀ ਕਿੱਲੀ ਤੇ ਪੁੱਠੇ ਲਟਕਦਿਆਂ
ਨੰਗੀ ਦੇਹ ਤੇ
ਹਾਦਸਿਆਂ ਦੇ ਚਾਬਕ ਜਰਨਾ ਹੁੰਦੀ ਹੈ
ਤੇ ਕਦੇ
ਰੀਝਾਂ ਦੀਆਂ ਇੱਟਾਂ ਦੀ
ਜਜ਼ਬਿਆਂ ਦੇ ਗਾਰੇ ਨਾਲ
ਚਿਣਾਈ ਕਰਨਾ ਹੁੰਦੀ ਹੈ।

ਕਦੇ ਜ਼ਿੰਦਗੀ ਸਿਆਲ ਰੁੱਤੇ
ਬਰਫ਼ ਦੀ ਦੀਵਾਰ 'ਚ

ਚਿਣੇ ਜਾਣ ਵਰਗੀ ਹੁੰਦੀ ਹੈ
ਤੇ ਕਦੇ
ਜੇਠ ਹਾੜ 'ਚ ਨੰਗੀ ਪਿੱਠ ਤੇ ਧੁੱਪ ਸੇਕਣ ਵਰਗੀ।

ਕਦੇ ਇਹ ਮਾਰੂਥਲ 'ਚ ਉੱਗੇ
'ਕੱਲੇ ਰੁੱਖ ਦਾ ਹਉਕਾ ਹੁੰਦੀ ਹੈ
ਤੇ ਕਦੇ
ਝੂਮਦੇ ਬਿਰਖਾਂ ਦੇ ਹਰੇ ਪੱਤਿਆਂ ਦਾ ਸੰਗੀਤ।
ਕਦੇ ਇਹ ਆਪਣੇ ਵਜੂਦ 'ਚੋਂ ਆਪਣੇ ਆਪ ਨੂੰ
ਤਲਾਸ਼ ਕਰਨ ਵਾਂਗ ਹੁੰਦੀ ਹੈ
ਤੇ ਕਦੇ
ਦੂਰ ਬੈਠੇ ਕਿਸੇ ਆਪਣੇ ਦੀ ਯਾਦ 'ਚ
ਗਵਾਚ ਜਾਣ ਵਾਂਗ।

ਇਹ 'ਕੱਲੇ ਦਿਲ ਦੇ ਜ਼ਖ਼ਮ ਦਾ ਨਾਸੂਰ ਵੀ ਹੋ ਸਕਦੀ ਹੈ
ਤੇ ਦੋ ਦਿਲਾਂ ਦੀ ਸਾਂਝੀ ਧੜਕਣ ਵੀ।

ਕਦੇ ਜ਼ਿੰਦਗੀ ਤ੍ਰੇਲ ਭਿੱਜੇ ਘਾਹ ਤੇ
ਟਹਿਲਣ ਵਾਂਗ ਹੁੰਦੀ ਹੈ
ਤੇ ਕਦੇ
ਪਿਘਲ਼ੀ ਲੁੱਕ ਤੇ ਨੰਗੇ ਪੈਰੀਂ
ਸਿਰਤੋੜ ਦੌੜਨ ਵਾਂਗ।

ਜ਼ਿੰਦਗੀ ਉਸ ਘਟਨਾ ਵਰਗੀ ਵੀ ਹੋ ਸਕਦੀ ਹੈ
ਜਦ ਕਿਸੇ ਤੂਫ਼ਾਨ ਵੱਸ
ਦੋ ਰੁੱਖਾਂ ਦੀਆਂ ਟਾਹਣੀਆਂ
ਆਪੋ ਵਿਚ ਫਸ ਜਾਂਦੀਆਂ ਹਨ।

ਜ਼ਿੰਦਗੀ ਤਲੀ ਤੇ ਛਪੀ
ਲੰਮੀ ਉਮਰ ਦੀ ਰੇਖਾ ਨਹੀਂ
ਜ਼ਿੰਦਗੀ ਭੂਤ ਨੂੰ ਯਾਦ ਕਰਦੇ
ਤੇ ਭਵਿੱਖ ਦਾ ਸੁਪਨਾ ਲੈਂਦੇ
ਵਰਤਮਾਨ ਦਾ ਨਾਂ ਹੈ।

ਜ਼ਿੰਦਗੀ ਮਹਿਬੂਬ ਨਾਲ ਹੋਣ ਵਾਲੀ
ਅਗਲੀ ਮੁਲਾਕਾਤ ਦਾ
ਅੱਖਾਂ 'ਚ ਲਟਕਦਾ ਕਿਆਸ ਹੈ।
ਜ਼ਿੰਦਗੀ ਉਮਰ ਦੇ ਹਰ ਆਕਾਰ ਦੇ ਕੈਨਵਸ ਤੇ
ਅਣਗਿਣਤ ਰੰਗਾਂ ਦੀਆਂ
ਤਰਤੀਬਵਾਰ ਹੋ ਕੇ ਵੀ
ਬੇਤਰਤੀਬ ਛੋਹਾਂ ਹਨ।
ਜ਼ਿੰਦਗੀ ਰੱਬ ਵਰਗੀ ਅਨੰਤ ਹੈ
ਤੇ ਬ੍ਰਹਿਮੰਡ ਵਰਗੀ ਵਿਸ਼ਾਲ।

ਕਹਿਣ ਨੂੰ ਤਾਂ ਜ਼ਿੰਦਗੀ
ਕੁਝ ਵੀ ਹੋ ਸਕਦੀ ਹੈ
ਪਰ ਹੈ ਜ਼ਿੰਦਗੀ
ਗਾਰੇ ਦੀ ਘਾਣੀ ਨਾਲ
ਘੁਲ਼ਣ ਵਰਗੀ
ਖੇਡ ਦਾ ਨਾਂ।
•

## ਸਪਸ਼ਟੀਕਰਣ

ਧੁੱਪ ਨਹੀਂ ਮੈਂ ਸੂਰਜ ਦੀ
ਜੋ
ਉੱਲੂਆਂ ਦੀਆਂ ਅੱਖਾਂ ਚੁੰਧਿਆਉਂਦੀ ਹੈ

ਮੈਂ ਨਹੀਂ ਚੰਨ ਦੀ ਚਾਨਣੀ
ਜੋ
ਚੋਰਾਂ ਨੂੰ ਵਿਘਨ ਪਾਉਂਦੀ ਹੈ

ਮੈਂ ਲਾਟ ਨਹੀਂ ਹਾਂ ਅੱਗ ਦੀ
ਜੋ
ਹੈਵਾਨਾਂ ਨੂੰ ਡਰਾਉਂਦੀ ਹੈ

ਤੁਸੀਂ ਕਿਉਂ ਖ਼ਫ਼ਾ ਹੋ ਅਣਪਛਾਤਿਓ
ਮੇਰੀ ਜੁਗਨੂੰ ਦੀ ਲੋਅ ਤਾਂ
ਮੇਰੇ ਸ਼ਿੰਗਾਰ ਜੋਗੀ
ਮੇਰੀ ਪਛਾਣ ਜੋਗੀ

ਮੇਰੀ ਦਰਖ਼ਾਸਤ ਹੈ
ਕਿ ਮੇਰੀ
ਜਾਨ ਬਖ਼ਸ਼ੀ ਜਾਏ।

•

## ਰੁੱਖ

ਕਹੋ ਮੇਰੀਆਂ ਜੜ੍ਹਾਂ ਨੂੰ
ਕਿ ਮਿੱਟੀ ਨਾਲੋਂ
ਮੋਹ ਦੀ ਪਕੜ ਢਿੱਲੀ ਨਾ ਛੱਡਣ

ਵਰਜੋ ਮੇਰੀਆਂ ਟਹਿਣੀਆਂ ਨੂੰ
ਕਿ ਰੋਂਦੀ ਹਵਾ 'ਚ ਹਿਲਦਿਆਂ
ਸੋਗ ਦੇ ਸੰਗੀਤ ਨੂੰ ਹਵਾ ਨਾ ਦੇਣ

ਸਮਝਾਓ ਮੇਰੇ ਪੱਤਿਆਂ ਨੂੰ
ਕਿ ਮਾਹੌਲ ਦੇ ਝੋਰੇ ਨਾਲ
ਐਵੇਂ ਚੁਰੜ ਮੁਰੜ ਨਾ ਹੋਣ

ਮਿਹਣਾ ਦਿਓ ਮੇਰੀ ਸਿਖਰਲੀ ਕਰੂੰਬਲ ਨੂੰ
ਕਿ ਅੜੀਏ
ਤੂੰ ਧਰਤੀ ਤੋਂ ਬਹੁਤੀ ਉੱਚੀ ਨਹੀਂ
ਤੇ
ਉਤਲੇ ਅਸਮਾਨ ਦੀ
ਕੋਈ ਸੀਮਾ ਨਹੀਂ।

•

## ਬੇਚੈਨੀ

ਬੇਚੈਨ ਕਰੋ ਨਾ ਯਾਰੋ ਮੇਰੀ ਬੇਚੈਨੀ ਨੂੰ
ਬੇਚੈਨੀ ਦੀ ਕੁੱਖ ਦੇ ਅੰਦਰ
ਲਫ਼ਜ਼ ਕੋਈ ਹੈ ਟਹਿਕ ਰਿਹਾ
ਰੰਗ ਕੋਈ ਹੈ ਮਹਿਕ ਰਿਹਾ
ਜਾਂ ਸੁਰ ਕੋਈ ਹੈ ਚਹਿਕ ਰਿਹਾ
ਜਾਣੀ ਕਿ ਇਹ ਗਰਭਵਤੀ ਹੈ

ਬੇਚੈਨ ਕਰੋ ਨਾ ਗਰਭਵਤੀ ਬੇਚੈਨੀ ਨੂੰ
ਵਰਨਾ ਗਰਭਪਾਤ ਹੋਣ ਤੇ
ਪਾਗਲ ਜਹੀ ਹੋ ਜਾਏਗੀ

ਤੁਸੀਂ ਤਾਂ ਆਪ ਸਿਆਣੇ ਯਾਰੋ
ਹਰ ਵਾਰੀ ਦੇ ਗਰਭਪਾਤ ਨਾ'
ਬਾਂਝ ਹੋਣ ਦਾ ਵੀ ਡਰ ਹੁੰਦਾ

ਬੇਚੈਨ ਕਰੋ ਨਾ ਯਾਰੋ ਮੇਰੀ ਬੇਚੈਨੀ ਨੂੰ
•

## ਤਾਰੇ ਦਾ ਤੌਖ਼ਲਾ

"ਨਾ ਮੈਂ ਛਿਪਣਾ ਨਾ ਮੈਂ ਝੁਕਣਾ"
ਇਕ ਦਿਨ ਮੇਰਾ ਦਾਅਵਾ ਸੀ
ਚਮਕ ਬੁਲੰਦੀ ਵਾਹਵਾ ਸੀ
ਪਰ ਜਦ ਦੇਖਾਂ ਵੱਡੇ ਤਾਰੇ
ਨ੍ਹੇਰੇ ਦੀ ਬੁੱਕਲ ਦੇ ਅੰਦਰ
ਜਾ ਕੇ ਲੈਂਦੇ ਸ਼ਰਨ ਵਿਚਾਰੇ
ਰੂਹ ਮੇਰੀ ਤਦ ਕੰਬੇ
ਤੇ ਜੇਰਾ ਵੀ ਡੋਲੇ
ਆਪਣਾ ਆਪਾ ਫੋਲੇ।


ਓਦੋਂ ਸੀ ਬੱਸ ਇਹੋ ਸੋਚਿਆ
ਇਸ ਦੁਨੀਆਂ ਨੂੰ ਸਿਰ ਤੋਂ ਤੱਕਣਾ
ਅੰਬਰ ਉੱਪਰ ਛਾਏ ਰਹਿਣਾ
ਹੁਣ ਕੰਨੀਂ ਇਹ ਬੋਲ ਗੂੰਜਦੇ-
"ਬੱਚੂ ਤੈਨੂੰ ਧਰਤੀ ਅੰਦਰ
ਅੰਤ ਗਰਕ ਹੈ ਹੋਣਾ ਪੈਣਾ।"
ਹੁਣ ਤਾਂ ਏਨੀ ਰੀਝ ਬਚੀ ਕਿ
ਸਭ ਨੂੰ ਡੁੱਬਦੇ ਦੇਖ ਕੇ ਡੁੱਬਾਂ
ਜਿਨ੍ਹਾਂ ਨੂੰ ਸੀ ਦੇਖ ਕੇ ਮੈਨੂੰ
ਰੀਝ ਕਦੀ ਲਿਸ਼ਕਣ ਦੀ ਜਾਗੀ

ਆਪਣੇ ਮੱਥੇ ਅੰਦਰ ਕੋਈ
ਸੀ ਚੰਗਿਆੜੀ ਦਾਗੀ
ਕਿ ਅੰਬਰ ਤੋਂ ਲਹਿਣ ਦੇ ਵੇਲੇ
ਰੌਸ਼ਨੀਆਂ ਨੂੰ ਤੇ ਚਮਕਾਂ ਨੂੰ
ਅੰਤ ਅਲਵਿਦਾ ਕਹਿਣ ਦੇ ਵੇਲੇ
ਚਿਹਰੇ ਉਤਲੀ ਘੋਰ ਗਿਲਾਨੀ
ਤੱਕਣ ਵਾਲਾ ਰਹੇ ਨਾ ਕੋਈ
"ਡੁੱਬ ਚੱਲਿਆ ਏਂ?" ਕਹੇ ਨਾ ਕੋਈ
ਹਾਏ ਪਰ ਉਸ ਵੇਲੇ ਤੱਕ ਤਾਂ
ਨਵੇਂ ਤਾਰਿਆਂ ਚੜ੍ਹ ਪੈਣਾ ਹੈ
"ਦੇਖੋ ਦੇਖੋ ਗਰਕ ਚੱਲਿਆ"
ਮਨਚਲਿਆਂ ਨੇ ਇਹ ਕਹਿਣਾ ਹੈ।

ਐਪਰ ਇਹ ਮੈਂ ਕਿਉਂ ਨਾ ਲੋਚਾਂ
ਏਸ ਤਰ੍ਹਾਂ ਮੈਂ ਕਿਉਂ ਨਾ ਸੋਚਾਂ–
ਕੋਈ ਚੜ੍ਹੇਗਾ ਕੋਈ ਲਹੇਗਾ
ਧਰਤੀ ਦਾ ਅਸਮਾਨ ਹਮੇਸ਼ਾ
ਭਰਿਆ ਤਾਰਿਆਂ ਨਾਲ ਰਹੇਗਾ।

ਮਨਾ ਗੁਮਾਨ ਚਮਕ ਅਪਨੀ ਦਾ
ਜੋ ਕਰਨਾ ਸੀ ਕਦੀ ਕਰ ਗਿਆ
ਡੁੱਬ ਜਾਵਣ ਦਾ ਛੱਡ ਤੌਖ਼ਲਾ
ਕੋਈ ਚੜ੍ਹ ਪਿਆ ਕੋਈ ਮਰ ਗਿਆ।

•



ਮੁੱਦਤਾਂ ਤੋਂ ਚੱਲਦਾ ਇਹ ਸਿਲਸਿਲਾ ਹਾਂ ਦੇਖਦੇ
ਕਦੇ ਤੈਨੂੰ ਕਦੇ ਵਿਚਲਾ ਫਾਸਿਲਾ ਹਾਂ ਦੇਖਦੇ

# ਜ਼ਹਿਰ ਦੇ ਵਣਜਾਰੇ

ਪੁੱਛੋ ਜ਼ਹਿਰ ਦੇ ਇਹਨਾਂ ਵਣਜਾਰਿਆਂ ਨੂੰ।
ਕਿੱਥੇ ਵੇਚੋਗੇ ਮਾਰ ਕੇ ਸਾਰਿਆਂ ਨੂੰ।

ਹਿੰਮਤ ਹਾਰਿਓ ਨਾ, ਜੇਕਰ ਜਿੱਤਣਾ ਏਂ
ਹੁੰਦੀ ਹਾਰ ਤਾਂ ਸਿਦਕ ਤੋਂ ਹਾਰਿਆਂ ਨੂੰ।

ਉਹ ਤਾਂ ਰੋਜ਼ ਮਰਦਾ, ਜਿਹੜਾ ਰਹੇ ਡਰਦਾ
ਇਕ ਵਾਰ ਤਾਂ ਆਉਂਦੀ ਹੈ ਸਾਰਿਆਂ ਨੂੰ।

ਸਿਰਜਣਹਾਰ ਤੇਰੇ, ਓਥੇ ਵਸਣ ਜਿਹੜੇ,
ਮਹਿਲਾ ਘੂਰਦੈਂ ਕਾਸਤੋਂ ਢਾਰਿਆਂ ਨੂੰ।

ਲੁੱਟੀ ਗਈ ਹਾਸੀ, ਹੋਏ ਚਾਅ ਬਾਸੀ,
ਹਾਲ ਪੁੱਛ ਕੇ ਵੇਖ ਵਿਚਾਰਿਆਂ ਨੂੰ।

ਜਿੱਥੇ ਪਾਪ ਪਲਦਾ, ਤੇ ਇਖ਼ਲਾਕ ਗਲ਼ਦਾ
ਭਲਾ ਫੂਕਣੈਂ ੳਹਨਾਂ ਚੁਬਾਰਿਆਂ ਨੂੰ।

ਏਥੇ ਖ਼ੂਨ ਚਿੱਟਾ, ਏਥੇ ਜ਼ਹਿਰ ਮਿੱਠਾ,
ਅੰਮ੍ਰਿਤ ਕੌੜਾ ਹੀ ਦਿਉ ਪਿਆਰਿਆਂ ਨੂੰ।

•

## ਤਿਜ਼ਾਬੀ ਵਰਖਾ

ਅੱਜ ਤਿਜ਼ਾਬੀ ਵਰਖਾ ਹੋਈ ਅੱਗ ਦੀ ਬਦਲੀ ਛਾਈ ਏ।
ਨੈਣਾਂ 'ਚੋਂ ਸੰਗੀਨਾਂ ਝਾਕਣ ਸਹਿਮਾਂ ਦੀ ਰੁੱਤ ਆਈ ਏ।

ਧੂੰਏਂ ਦੇ ਵਿਚ ਸੂਰਜ ਘਿਰਿਆ ਨਾ ਧੁੱਪਾਂ ਨਾ ਛਾਂਵਾਂ ਨੇ
ਚਾਰ ਚੁਫੇਰੇ ਫੈਲੀ ਅੱਗ ਨੇ ਸਾਰੀ ਗੱਲ ਉਲਝਾਈ ਏ।

ਸੜ ਚੁਕਿਆ ਏ ਪਰਦਾ ਉਸਦਾ ਚਿਹਰਾ ਵੀ ਏ ਝੁਲਸ ਗਿਆ
ਵੇਖੋ ਯਾਰੋ ਸਭ ਤੋਂ ਪਹਿਲਾਂ ਤੀਲੀ ਕਿਸ ਨੇ ਲਾਈ ਏ।

ਦੂਰ ਕਿਸੇ ਦੇ ਅੱਗ ਜੁ ਲੱਗੀ ਜਾਪੀ ਵਾਂਗ ਦਿਵਾਲੀ ਦੇ,
ਆਪਣੇ ਘਰ ਜਦ ਸੇਕ ਅੱਪੜਿਆ ਮਚਗੀ ਹਾਲ ਦੁਹਾਈ ਏ।

ਏਧਰ ਕਾਤਲ ਓਧਰ ਕਾਤਲ, ਕਾਤਲ ਪਰਲੇ ਦਰਜੇ ਦੇ,
ਮਮਤਾ ਇਨ੍ਹਾਂ ਜ਼ਮੀਰ ਉਨ੍ਹਾਂ ਨੇ ਆਪਣੀ ਮਾਰ ਮੁਕਾਈ ਏ।

ਵਿਸੀਅਰ ਨਾਗਾਂ ਨੇ ਹਨ ਡੰਗੀਆਂ ਪੌਣਾਂ ਮੇਰੇ ਸ਼ਹਿਰ ਦੀਆਂ
ਰੰਗ-ਬਰੰਗੇ ਮਾਂਦਰੀਆਂ ਹਰ ਚੌਂਕ 'ਚ ਮੰਜੀ ਲਾਈ ਏ।

ਨਰਮ ਕੂਲ਼ੀਆਂ ਬਾਹਵਾਂ ਉਤਲਾ ਚੂੜਾ ਜਾਪੇ ਤਿੜਕ ਗਿਹਾ
ਵਸਦੇ-ਰਸਦੇ ਘਰ ਵਿਚ ਕਿੱਥੋਂ ਮੌਤ ਪ੍ਰਾਹੁਣੀ ਆਈ ਏ।

•

## ਵਕਤ-ਕਚਹਿਰੀ ਫ਼ੈਸਲਾ

ਜਦੋਂ ਫ਼ੈਸਲਾ ਵਕਤ-ਕਚਹਿਰੀ ਕਤਲ ਮੇਰੇ ਦਾ ਹੋਏਗਾ।
ਕਬਰ ਮੇਰੀ ਤੇ ਆ ਕੇ ਮੇਰਾ, ਭੋਲਾ ਕਾਤਲ ਰੋਏਗਾ।

ਕਿਸ ਮੋਏ ਦਾ ਕੀ ਰੁਤਬਾ ਹੈ, ਇਹ ਤਾਂ ਵਕਤ ਹੀ ਦੱਸੇਗਾ
ਆਪੋ-ਆਪਣਾ ਦਾਅਵਾ ਛੱਡੋ, ਵਕਤ ਨਾ ਸੱਚ ਲਕੋਏਗਾ।

ਮੈਂ ਤਾਂ ਲਭਦਾ ਫਿਰਦਾਂ ਚਾਨਣ, ਸੂਰਜ ਮੈਨੂੰ ਕਹਿੰਦਾ ਏਂ
ਜਾਂ ਇਹ ਮੋਹ ਹੈ ਜਾਂ ਫਿਰ ਧੋਖਾ, ਨਜ਼ਰ ਤੇਰੀ ਦਾ ਹੋਏਗਾ।

ਆਤਿਸ਼, ਖ਼ੰਜਰ ਤੇ ਖੁਸ਼ਬੋਈ, ਤਾਰੇ ਅਤੇ ਸਮੁੰਦਰ ਵੀ
ਹੌਲੀ-ਹੌਲੀ ਮੇਰੇ ਅੰਦਰ, ਸਾਰਾ ਕੁਝ ਸਮੋਏਗਾ।

ਅੱਗਿਓਂ ਪਰਬਤ ਰੋਕੇਗਾ ਤੇ ਪਿਛਿਓਂ ਬੁਲਬੁਲ ਸੱਦੇਗੀ
ਪੈਰ ਵੀ ਭਾਵੇਂ ਜ਼ਖਮੀਂ ਰਾਹੀਂ ਫਿਰ ਵੀ ਨਹੀਂ ਖਲੋਏਗਾ।

ਮਹਿਫ਼ਲ ਦੇ ਅੰਦਰ ਉਸ ਵੇਲੇ, ਲੰਮੀ ਚੁਪ ਛਾ ਜਾਏਗੀ
ਜਦੋਂ ਕਦੀ ਵੀ ਭੁੱਲ ਭੁਲੇਖੇ, ਜ਼ਿਕਰ ਅਸਾਡਾ ਹੋਏਗਾ।

•

# ਸਹਿਮ ਸਮੁੰਦਰ

ਸਹਿਮ ਸਮੁੰਦਰ ਦੇ ਪਾਣੀ 'ਚੋਂ ਜਿਹੜਾ ਧੌਣ ਉਠਾਏਗਾ।
ਦੇਖੋ ਪੜ੍ਹ ਲਉ ਧਮਕੀ ਪੱਤਰ ਅਪਣਾ ਆਪ ਗਵਾਏਗਾ।

ਬੀਬਾ ਹਰਿਆ ਭਰਿਆ ਰਹਿ ਤੂੰ ਕਦ ਤੱਕ ਆਖੀ ਜਾਓਗੇ
ਟੁੱਟ ਗਿਆ ਜੋ ਧਰਤੀ ਨਾਲੋਂ ਰੁੱਖ ਆਖਰ ਸੁਕ ਜਾਏਗਾ।

ਤੇਰੇ ਮਗਰੋਂ ਤੇਰੇ ਵਾਂਗੂੰ, ਏਥੇ ਮੌਸਮ ਬਦਲਦਿਆਂ
ਤੇਰੀ ਕਬਰ ਸਿਰ੍ਹਾਣੇ ਉੱਗਾ ਫੁੱਲ ਵੀ ਰੰਗ ਵਟਾਏਗਾ।

ਭੂਤ ਭਵਿੱਖ ਵਿਚਾਲੇ ਜਿਹੜਾ ਹਰ ਪਲ ਤਣਿਆਂ ਰਹਿੰਦਾ ਏ
ਟੁੱਟਣ ਟੁੱਟਣ ਕਰਦਾ ਕਰਦਾ ਵਰਤਮਾਨ ਟੁਟ ਜਾਏਗਾ।

ਕਰਦਾ ਹੈ ਜੋ ਦਾਅਵਾ ਜੱਗ ਦਾ ਦਰਦ ਸਮੁੰਦਰ ਪੀਣੇ ਦਾ
ਚੂਲ੍ਹੀ ਭਰ ਨਿਜ-ਗ਼ਮ ਦੇ ਅੰਦਰ ਇਕ ਦਿਨ ਗੋਤੇ ਖਾਏਗਾ।

ਗ਼ਮ ਦੀ ਮੂਰਤ ਬਣ ਬੈਠੇਗਾ ਆਪਣੇ ਹੰਝੂ ਡੋਲ੍ਹ ਲਊ
ਸਾਡੀ ਮਨ ਵੀਣਾ ਦੀਆਂ ਤਾਰਾਂ ਜਿਹੜਾ ਵੀ ਟੁਣਕਾਏਗਾ।

•

# ਤੁਰਦਾ ਮੇਰੇ ਨਾਲ ਜੇ

ਤੁਰਦਾ ਮੇਰੇ ਨਾਲ ਜੇ ਕਮਲ਼ਾ ਮੇਰੇ ਨਾਲ ਦਾ।
ਇੰਜ ਕਾਇਰਾਂ ਦੇ ਵਾਂਗ ਮੈਂ ਰੋਜ਼ ਮੌਤ ਨਾ ਟਾਲਦਾ।

ਧੌਣ ਵੀ ਆਪਣੀ ਤੇਗ਼ ਵੀ, ਜ਼ਾਲਮ ਹੱਥ ਵੀ ਆਪਣੇ,
ਜੀਭਾ ਸੁੱਖਾਂ ਮੰਗਦੀ ਲੇਖਾ ਸਾਡੇ ਹਾਲ ਦਾ।

ਕਿਰਿਆ ਹਾਲੇ ਮੈਂ ਨਹੀਂ ਛੱਡਿਆ ਤੇਰਾ ਮੋਹ ਨਹੀਂ,
ਪਤਝੜ ਰੁੱਤੇ ਆਖਦਾ 'ਕੱਲਾ ਪੱਤਰ ਡਾਲ ਦਾ।

ਬੜੀ ਹੀ ਤਿੱਖੀ ਧਾਰ ਸੀ ਲਫ਼ਜ਼ਾਂ ਦੀ ਤਲਵਾਰ ਦੀ,
ਬਚਿਆ ਜ਼ਖ਼ਮੀ ਹੋਣ ਤੋਂ ਸਦਕਾ ਚੁਪ ਦੀ ਢਾਲ ਦਾ।

ਖੌਰੂ ਪਾਉਂਦੀ ਚੁੱਪ ਸੀ ਤੇ ਜਾਂ ਗੂੰਗੇ ਬੋਲ ਸਨ,
ਤੈਨੂੰ ਮੈਨੂੰ ਜੋੜਦਾ ਪੁਲ ਸੀ ਬਹੁਤ ਕਮਾਲ ਦਾ।

ਚੜ੍ਹਿਆ ਚੜ੍ਹਨੇ ਬਾਅਦ ਹੀ ਝੱਟ ਅਗੇਤਾ ਲਹਿ ਗਿਆ,
ਰੂਪ ਤੇਰਾ ਸੀ ਇਸ ਤਰ੍ਹਾਂ ਦਿਨ ਕੋਈ ਜਿਵੇਂ ਸਿਆਲ ਦਾ।

ਖਾਲੀਪਨ ਹੀ ਸਿਰਜਦਾ ਤੇ ਖਾਲੀਪਨ ਹੀ ਆਪ ਹੈ,
ਮਨ ਬਾਹਰੋਂ ਕੁਝ ਟੋਲ਼ਦਾ ਅੰਦਰੋਂ ਵੀ ਕੁਝ ਭਾਲਦਾ।

•

## ਅਪਣੀ ਸ਼ਾਇਰੀ ਲਾਗੇ

ਆਪ ਹੀ ਅਪਣੀ ਸ਼ਾਇਰੀ ਲਾਗੇ ਖੜ੍ਹਦਾ ਨਈਂ।
ਤੇ ਕਹਿੰਦਾ ਕਿ ਕੋਈ ਸਾਨੂੰ ਪੜ੍ਹਦਾ ਨਈਂ।

ਬਾਰੀ ਖੋਲ੍ਹੀਂ ਜੇ ਤਕਣਾ ਮੁਖ ਸੂਰਜ ਦਾ
ਸੂਰਜ ਬੀਬਾ ਕਮਰੇ ਅੰਦਰੋਂ ਚੜ੍ਹਦਾ ਨਈਂ।

ਓਸੇ ਰੁੱਖ ਨੂੰ ਹੱਕ ਹੈ ਕਿ ਇਤਿਹਾਸ ਲਿਖੇ
ਹੜ੍ਹ ਦੇ ਪਾਣੀ ਮੂਹਰੇ ਜਿਹੜਾ ਹੜ੍ਹਦਾ ਨਈਂ।

ਲੋਅ ਵੱਲ ਨੂੰ ਮੂੰਹ ਕਰਕੇ ਜਿਹੜਾ ਤੁਰਿਆ ਹੈ
ਮੱਲ ਕੇ ਉਸ ਦਾ ਰਾਹ ਪਰਛਾਵਾਂ ਖੜ੍ਹਦਾ ਨਈਂ।

ਘਰ ਦੇ ਉਹਨੂੰ ਸਮਝਣ ਪਾਗਲ ਬੁੱਧੂ ਹੀ
ਰੌਲਾ ਸੁਣ ਕੇ ਜਿਹੜਾ ਅੰਦਰ ਵੜਦਾ ਨਈਂ।

ਤਦ ਤੀਕਰ ਮਨ ਇਸ ਦਾ ਠੰਢਾ ਹੁੰਦਾ ਨਾ
ਜਦ ਤੱਕ ਬੰਦਾ ਸਿਵਿਆਂ ਦੇ ਵਿਚ ਸੜਦਾ ਨਈਂ।

•

## ਪਹਿਲਾਂ ਆਪ ਜ਼ਮਾਨਾ

ਪਹਿਲਾਂ ਆਪ ਜ਼ਮਾਨਾ ਹੱਥੀਂ ਮੇਟੇ ਚੰਨ ਸਿਤਾਰੇ।
ਮਗਰੋਂ ਕਰਕੇ ਲੰਮੀਆਂ ਬਾਹਵਾਂ ਲੋਅ ਲੋਅ ਪਿਆ ਪੁਕਾਰੇ।

ਨਾ ਸੋਨੇ ਦੀ ਡਾਲੀ ਉੱਤੇ ਖਿੜਦੇ ਫੁੱਲ ਗੁਲਾਬੀ,
ਨਾ ਚਾਂਦੀ ਦੇ ਵਰਕਾਂ ਵਿਚੋਂ ਦਿਲਬਰ ਦਏ ਦੀਦਾਰੇ।

ਤੇਰੇ ਨੈਣੋਂ ਹਾਲੇ ਤੱਕ ਨਾ ਮੋਹ ਦੀ ਧਾਰਾ ਫੁੱਟੀ,
ਲੋਚ ਰਹੇ ਹਾਂ ਇਕ ਅਰਸੇ ਤੋਂ ਜਿਸਨੂੰ ਔੜਾਂ ਮਾਰੇ।

ਲਗਦਾ ਉਹ ਤਾਂ ਡੁੱਬ ਕੇ ਹੋਣਾ ਮਰਿਆ ਖਪਿਆ ਚਿਰ ਦਾ
ਆਸ ਲਗਾਈ ਬੈਠੇ ਜਿਸ ਤੇ ਬੇੜੀ ਸਾਡੀ ਤਾਰੇ।

ਬੁਲਬੁਲ ਤੇ ਵੰਝਲੀ ਦੇ ਹਿੱਸੇ ਆਈ ਘੋਰ ਉਦਾਸੀ,
ਕਾਂਵਾਂ ਦੀ ਏ ਕਾਂਵਾਂ-ਰੌਲੀ ਕੰਨ ਚੀਰਵੇਂ ਨ੍ਹਾਰੇ।

ਜੰਗਲੀ ਕੰਡਿਆਂ ਨੇ ਜਿਹਨਾਂ ਦੇ ਤਨ ਤੋਂ ਲੀੜੇ ਲਾਹੇ,
ਆਪੋ-ਅਪਣੇ ਘਰ ਨੂੰ ਕਿੱਦਾਂ ਨੰਗੇ ਆਉਣ ਵਿਚਾਰੇ।

ਖ਼ੌਫ਼ ਦੀ ਚਾਰ-ਦਿਵਾਰੀ ਅੰਦਰ ਦੜੇ ਹੋਏ ਹਾਂ ਬੈਠੇ,
ਰੰਗਾਂ ਦੇ ਪਰ ਸੁਪਨੇ ਲੈਣੋਂ ਰੋਕੇ ਕੌਣ ਪਿਆਰੇ।

•

## ਆਖਣ ਨੂੰ ਉਹ ਚੰਦ ਨਹੀਂ

ਆਖਣ ਨੂੰ ਉਹ ਚੰਦ ਨਹੀਂ ਸੀ ਨਾ ਸੂਰਜ ਨਾ ਤਾਰਾ ਸੀ।
ਬੁੱਕਲ ਵਿਚ ਲਕੋਈ ਫਿਰਦਾ ਐਪਰ ਅੰਬਰ ਸਾਰਾ ਸੀ।

ਦਿਲ ਦੀ ਤੜਫਣ ਮਨ ਦੀ ਭਟਕਣ ਏਧਰ ਓਧਰ ਭੌਂਦਾ ਸੀ,
ਸ਼ੀਸ਼ੀ ਵਿਚੋਂ ਕਾਗਜ਼ ਉੱਤੇ ਜੀਕਣ ਡੁੱਲ੍ਹਿਆ ਪਾਰਾ ਸੀ।

ਮਨ ਦੀ ਰਣ-ਭੂਮੀ ਤੇ ਹਰ ਦਿਨ ਫੌਜਾਂ ਆਈਆਂ ਚੜ੍ਹ ਚੜ੍ਹ ਕੇ
ਜੱਗ ਨੂੰ ਭਾਵੇਂ ਕਦੇ ਨਾ ਸੁਣਿਆਂ ਕੋਈ ਸੰਖ ਨਗਾਰਾ ਸੀ।

ਨਾ ਤਾਂ ਲਏ ਭੰਬੀਰੀ ਬਾਜਾ ਨਾ ਚੜ੍ਹਿਆ ਚੰਡੋਲਾਂ ਤੇ
ਮੇਲੇ ਵਿਚ ਗੁਆਚਾ ਫਿਰਦਾ ਉਹ ਤਾਂ ਬਾਲ ਬੇਚਾਰਾ ਸੀ।

ਪੱਤਾ-ਪੱਤਾ ਭੁੰਜੇ ਡਿੱਗਾ ਯਾਰੀ ਵਾਲੇ ਬੂਟੇ ਦਾ
ਸੁੰਨੀਆਂ ਡਾਲਾਂ ਕੰਬਣ ਲੱਗੀਆਂ ਲੂਆਂ ਦਾ ਫੁੰਕਾਰਾ ਸੀ।

•

# ਸਿਆਣੇ ਬੰਦੇ

ਉਹ ਨਹੀਂ ਸ਼ਾਇਰ ਕੋਈ ਬੰਦੇ ਸਿਆਣੇ ਹੋਣਗੇ।
ਰੋਣਾ ਬਣਦਾ ਕਿ ਨਾ ਬਣਦਾ ਸੋਚ ਕੇ ਜੋ ਰੋਣਗੇ।

ਕੀ ਪਤਾ ਸੀ ਦੋਸਤਾਂ ਦਾ ਸ਼ੌਕ ਹੋਊ ਇਸ ਕਦਰ
ਮਾਰ ਝਾੜੂ ਸੜਕ ਉੱਤੇ ਘਰ ਨੂੰ ਕੂੜਾ ਢੋਣਗੇ।

ਜੋ ਸਜਾ ਕੇ ਮੁਸਕਣੀ ਆਏ ਸੀ ਸਾਡੇ ਸਾਹਮਣੇ
ਅਪਣੇ ਸਨਮੁੱਖ ਹੋਣਗੇ ਤਾਂ 'ਕੱਲੇ ਬਹਿ ਕੇ ਰੋਣਗੇ।

ਮੂੰਹ ਕਾਲਾ ਕਿਸੇ ਦਾ ਵੀ ਕਰਨ ਤੋਂ ਪਹਿਲਾਂ ਜ਼ਰੂਰ
ਜਾਣ ਲਈਂ ਕਿ ਆਪਣੇ ਵੀ ਹੱਥ ਕਾਲੇ ਹੋਣਗੇ।

ਇਕ ਨੂੰ ਦਿਸਦਾ ਹੈ ਰਾਤੀਂ ਦੂਜਾ ਦਿਸਦਾ ਰਾਤ ਨੂੰ
ਦਿਨ ਚੜ੍ਹੇ ਉੱਲੂ ਤੇ ਜੁਗਨੂੰ ਦੋਨੋਂ ਬਹਿ ਕੇ ਰੋਣਗੇ।

ਯਾਰ ਮੇਰਾ ਹਾਲ ਪੁੱਛਣ ਆਏ ਤਾਂ ਹੋਣੇ ਜ਼ਰੂਰ
ਉਮਰ ਦੀ ਰੇਖਾ ਤਲੀ ਤੇ ਦੇਖ ਮੁੜ ਗਏ ਹੋਣਗੇ।

•

# ਵਿਹਾਰ

ਬੰਦਿਆਂ ਨਾਲ ਵਿਹਾਰ ਕਰੋ।
ਪੈਸੇ ਨਾਲ ਪਿਆਰ ਕਰੋ।

ਧਰਮਾਂ ਦਾ ਪਰਚਾਰ ਕਰੋ।
ਨਫ਼ਰਤ ਦਾ ਸੰਚਾਰ ਕਰੋ।

ਜੋ ਕਰਨਾ ਹੈ ਯਾਰ ਕਰੋ।
ਸਾਡੀ ਬੇੜੀ ਪਾਰ ਕਰੋ।

ਕਿਧਰੇ ਅੱਗੇ ਲੰਘਣ ਨਾ
ਮਿਤਰਾਂ ਨੂੰ ਮੂੰਹ ਭਾਰ ਕਰੋ।

ਬੀਬੇ-ਰਾਣੇ ਬਣ ਮਿਲਣਾ
ਮਗਰੋਂ ਭਾਵੇਂ ਵਾਰ ਕਰੋ।

ਜਿੱਥੇ ਹੋਵੇ ਅਪਣਾ ਗੌਂ
ਉੱਥੇ 'ਜੀ ਸਰਕਾਰ' ਕਰੋ।

ਹਰ ਹੱਟੀ ਤੇ ਲਿਖਿਆ ਹੈ
ਪਿਉ ਦਾ ਨਾ ਇਤਬਾਰ ਕਰੋ।

•

## ਸੱਤ-ਬਿਗਾਨਿਆਂ ਨੂੰ

ਇਕ ਦਿਨ ਸੱਤ-ਬਿਗਾਨਿਆਂ ਨੂੰ ਗਿਣਦੇ ਸਾਂ ਆਪਣੇ
ਤੇ ਹੁਣ ਅਪਣਾ-ਆਪ ਵੀ ਲਗਦਾ ਅਪਣਾ-ਆਪ ਨਾ।

ਕਾਲੀ-ਕਾਲੀ ਧੁੱਪ ਹੈ  ਝੁਲਸੀ-ਝੁਲਸੀ ਛੌਰ ਹੈ
ਸਾਰਾ ਜੰਗਲ ਹੂੰਗਦਾ ਕਿਹੜੇ ਰੁੱਖ ਨੂੰ ਤਾਪ ਨਾ।

ਗਿਣਦੇ, ਮਿਣਦੇ, ਤੋਲਦੇ ਬਣਕੇ ਗੀਤ ਜੋ ਤੁਰ ਗਈ
ਪਰ ਜਿਹੜੀ ਹੈ ਅਣਕਹੀ ਉਸ ਪੀੜਾ ਦਾ ਨਾਪ ਨਾ।

ਸੁੱਕੇ ਹੰਝੂਆਂ ਦੀ ਨਦੀ ਲਾਸ਼ ਤਰੇਂਦੀ ਖ਼ਾਬ ਦੀ
ਕੌਣ ਕਹੇਗਾ ਹਾਦਸਾ ਚੁੱਪ ਦਾ ਨਾਂ ਵਿਰਲਾਪ ਨਾ।

•

# ਧਰਤੀ ਅੰਬਰ

ਨਾ ਤੇਰੇ ਤੋਂ ਧਰਤੀ ਬਣਕੇ ਅਪਣਾ ਆਪ ਵਿਛਾ ਹੋਇਆ।
ਨਾ ਮੇਰੇ ਤੋਂ ਅੰਬਰ ਵਾਂਗੂੰ ਧਰਤੀ ਉੱਤੇ ਛਾ ਹੋਇਆ।

ਆਪੋ ਅਪਣੇ ਦਿਲ ਦਾ ਭੇਤ ਨਾ ਸਾਂਝਾ ਭੇਤ ਬਣਾ ਹੋਇਆ।
ਵਖਰੀ ਗੱਲ ਕਿ ਨੈਣਾਂ ਤੋਂ ਨਾ ਸਾਰਾ ਭੇਤ ਛੁਪਾ ਹੋਇਆ।

ਤੂੰ ਤਾਂ ਜਾਮ ਖ਼ੂਬ ਛਲਕਾਏ ਅਸੀਂ ਪਿਆਸੇ ਮਰਦੇ ਸਾਂ
ਬੇਬਸ ਹੋਠਾਂ ਕੋਲੋਂ ਹੀ ਨਾ ਵਿਚਲਾ ਪੰਧ ਮੁਕਾ ਹੋਇਆ।

ਆਪਾਂ ਆਉਂਦੀ ਜਾਂਦੀ 'ਵਾ ਦੇ ਹੱਥ ਸੁਨੇਹੇ ਘਲਦੇ ਰਹੇ
ਇਕ ਦੂਏ ਦੇ ਨਾਂ ਦਾ ਕੋਈ ਖਤ ਨਾ ਐਪਰ ਪਾ ਹੋਇਆ।

ਚੰਨ ਦਾ ਪਿੰਡਾ ਸੂਲ਼ਾਂ ਵਿੰਨਿਆਂ ਤਾਰੇ ਡਰਦੇ ਘਰੀਂ ਗਏ
ਦੀਵਟ ਉੱਤੋਂ ਬੁਝਿਆ ਦੀਵਾ ਤੇਲ ਨਾ ਤੈਥੋਂ ਪਾ ਹੋਇਆ।

•

## ਜ਼ਿਕਰ ਸਾਡਾ

ਜ਼ਿਕਰ ਸਾਡਾ ਉਂਜ ਤਾਂ ਅਕਸਰ ਨੇ ਉਹ ਕਰਦੇ ਰਹੇ।
ਛਿੜਨ ਤੋਂ ਸਾਂਝੀ ਕਹਾਣੀ ਖ਼ਬਰੇ ਕਿਉਂ ਡਰਦੇ ਰਹੇ।

ਜੱਗ ਦੇ ਵਿਚ ਮਰਨ ਦੇ ਤਾਂ ਸਨ ਤਰੀਕੇ ਹੋਰ ਵੀ,
ਇਹ ਤਾਂ ਸਾਡਾ ਬਚਪਨਾ ਮੁਸਕਾਣ ਤੇ ਮਰਦੇ ਰਹੇ।

ਧੂੜ ਜੰਮੀ ਵਕਤ ਦੀ ਕਿ ਬੇ-ਪਛਾਣਾ ਹੋ ਗਿਆ,
ਜਿਹੜਾ ਮੁੱਖ ਉਲੀਕਦੇ ਤੇ ਰੰਗ ਸਾਂ ਭਰਦੇ ਰਹੇ।

ਸਾਡੇ ਨਾਂ ਨੂੰ ਉਸ ਦਿਆਂ ਹੋਠਾਂ ਕਦੇ ਨਾ ਚੁੰਮਿਆਂ,
ਕੰਨ ਸਾਡੇ ਸੁਣਨ ਖ਼ਾਤਰ ਨਿੱਤ ਜ਼ਿਦ ਕਰਦੇ ਰਹੇ।

ਅੰਦਰੋ-ਅੰਦਰ ਤਾਂ ਸੀ ਡੂੰਘੀ ਦਿਲਾਂ ਦੀ ਨੇੜਤਾ,
ਪਰ ਨਿਗਾਹਾਂ ਦੇ ਵਿਚਾਲੇ ਸੰਗ ਦੇ ਪਰਦੇ ਰਹੇ।

ਉਸ ਦੇ ਘਰ ਤੋਂ ਲੰਘ ਕੇ ਜਦ ਪੌਣ ਆਈ ਰਾਤ ਨੂੰ
ਬੈਠ ਕੇ ਕੋਠੇ ਤੇ 'ਕੱਲੇ ਰਾਤ ਭਰ ਠਰਦੇ ਰਹੇ।

•

## ਚਾਨਣ ਦੇ ਸ਼ੀਸ਼ੇ ਵਿਚ (ਕਲੀ ਛੰਦ)

ਚਾਨਣ ਦੇ ਸ਼ੀਸ਼ੇ ਵਿਚ ਤੱਕ ਨ੍ਹੇਰੇ ਦਾ ਸਾਇਆ।
ਸ਼ਾਮਾਂ ਨੂੰ ਦਿਨ ਰੋਵੇ ਰਾਤੀਂ ਮਸਾਂ ਵਰਾਇਆ।

ਜਦ ਮੈਂ ਅਚਨਚੇਤ ਹੀ ਖੋਲ੍ਹੇ ਬੂਹੇ ਨੈਣਾਂ ਦੇ
ਪੋਲੇ ਪੈਰੀਂ ਓਹੋ ਦਿਲ ਵਿਚ ਉੱਤਰ ਆਇਆ।

ਰਾਹੀਆ ਲੰਘ ਗਿਆ ਤੂੰ ਤੱਕਦਾ ਵੱਲ ਅਸਮਾਨਾਂ ਦੇ
ਤੇਰੇ ਰਾਹਾਂ ਵਿਚ ਮੈਂ ਅਪਣਾ-ਆਪ ਵਿਛਾਇਆ।

ਉੱਠੀਆਂ ਉੱਚੀਆਂ-ਉੱਚੀਆਂ ਲਾਟਾਂ ਉਪਰੋਂ ਝੀਲ ਦੇ
ਜਦ ਵੀ ਕੋਲੇ ਆਇਆ ਰਮਤਾ ਕੋਈ ਤਿਹਾਇਆ।

ਜੋ ਕੁਝ ਮਿਲਿਆ ਸਾਨੂੰ ਉਹ ਤਾਂ ਕਹੀਏ ਮਿਲਣਾ ਸੀ
ਜੋ ਨਾ ਮਿਲਿਆ ਉਸ ਦਾ ਡਾਢਾ ਝੋਰਾ ਲਾਇਆ।

ਇਕ ਪਲ ਕੁਝ ਨਾ ਪੱਲੇ ਇਕ ਪਲ ਸਾਰੀ ਦੁਨੀਆਂ ਹੀ
ਲੁੱਕਣ ਮੀਟੀ ਮਨ ਕਮਲੇ ਨੂੰ ਖੇਡਣ ਲਾਇਆ।

ਟਪ ਚੁੱਕੀਆਂ ਨੇ ਲੋੜਾਂ ਖ਼ਤਰੇ ਦਿਆਂ ਨਿਸ਼ਾਨਾਂ ਨੂੰ
ਬੰਨ੍ਹ ਹੈ ਟੁੱਟਣ ਤੇ ਈਮਾਨ ਮੇਰੇ ਦਾ ਆਇਆ।

ਦੁਨੀਆਂ ਦਾ ਰੰਗ ਬਦਲ ਸਕੇ ਨਾ ਸਾਰੀ ਉਮਰਾ ਹੀ
ਆਖ਼ਰ ਤੇ ਰੰਗ ਆਪਣੀ ਐਨਕ ਦਾ ਬਦਲਾਇਆ।

ਪੁਟਦੇ-ਪੁਟਦੇ ਸੀ ਜਦ ਜੜ੍ਹ ਤਕ ਪਹੁੰਚੇ ਮਸਲੇ ਦੀ
ਤੱਕਿਆ ਓਥੇ ਸੀ ਇਖ਼ਲਾਕ ਪਿਆ ਦਫ਼ਨਾਇਆ।

ਸਾਡੇ ਵਿਹੜੇ ਦੇ ਵਿਚ ਚੂਹੇ ਖੁੱਡਾਂ ਪੁੱਟ ਗਏ
ਉੱਥੇ ਕਾਲੇ ਨਾਗਾਂ ਡੇਰਾ ਆਣ ਜਮਾਇਆ।

ਰੰਡੀ ਹੋ ਗਈ ਜੱਟੀ ਸਾਹਿਬਾਂ ਹੱਥੋਂ ਭਾਈਆਂ ਦੇ
ਭਾਈਆਂ ਨੇ ਹੀ ਭਾਈ ਧੀਦੋ ਰੜੇ ਬਿਠਾਇਆ।

ਸ਼ਾਇਰਾ ਮੁੜ-ਮੁੜ ਕੇ ਨਾ ਆਪਣੀ ਦਰਦ ਕਹਾਣੀ ਪਾ
ਰੋਣੇ ਜੋਗਾ ਤਾਂ ਗ਼ਮ ਸਭ ਦੇ ਹਿੱਸੇ ਆਇਆ।

•

# ਅੰਮੜੀ ਬਾਬਲ

ਹਉਕੇ ਵਿੰਨ੍ਹੀ ਅੰਮੜੀ ਤੇ ਬਾਬਲ ਲਾਚਾਰ ਸੀ।
ਛਾਇਆ ਨਿੱਕੇ ਹੁੰਦਿਆਂ ਗ਼ਮ ਦਾ ਕੋਈ ਗ਼ੁਬਾਰ ਸੀ।

ਹੱਥ ਤਾਂ ਮੰਗਦੀ ਗਰਜ਼ ਸੀ ਸੀਸ ਤਾਂ ਮੰਗਦਾ ਫ਼ਰਜ਼ ਸੀ
ਤੇ ਬਾਕੀ ਜੋ ਬਚ ਰਹਾਂ ਮੰਗਦੀ ਕੋਈ ਨਾਰ ਸੀ।

ਮੁੜ ਮੁੜ ਪਿੱਛੇ ਦੇਖਦੇ ਠੇਡੇ ਖਾ ਖਾ ਰੋਂਵਦੇ
ਟੇਢੀ ਮੇਢੀ ਵਾਟ ਸੀ ਸਿਰ ਯਾਦਾਂ ਦਾ ਭਾਰ ਸੀ।

ਸੋਚ ਸੋਚ ਕੇ ਅੰਤ ਉਹ ਪਹੁੰਚਿਆ ਏਸੇ ਸੋਚ ਤੇ
ਜੋ ਕੁਝ ਵੀ ਸੀ ਸੋਚਦਾ ਉਹ ਸੋਚਣ ਬੇਕਾਰ ਸੀ।

ਰਹਿੰਦੀ ਗੰਧਲੀ ਝੀਲ ਵਿਚ ਮਛਲੀ ਸੋਨੇ ਰੰਗ ਦੀ
ਤੱਕਿਆ ਅਪਣਾ ਅਕਸ ਤਾਂ ਰੋਈ ਜ਼ਾਰੋ-ਜ਼ਾਰ ਸੀ।

ਪੁੰਨ ਕੀ ਹੈ ਤੇ ਪਾਪ ਕੀ ਝੂਠ ਕੀ ਹੈ ਤੇ ਸੱਚ ਕੀ
ਵਿਚ ਵਿਚਾਲੇ ਹਿੱਲਦੀ ਫੈਸਲਿਆਂ ਦੀ ਤਾਰ ਸੀ।

•

## ਠੱਗੀ-ਠੋਰੀ

ਠੱਗੀ-ਠੋਰੀ ਕਤਲ ਤੇ ਚੋਰੀ ਹੋਰ ਬਹੁਤ ਕੁਝ ਕਰਦਾ ਹੈ।
ਪਰ ਬੀਬਾ ਨਿਰਦੋਸ਼ਾ ਕਹੀਏ ਕਿਉਂਕਿ ਬੰਦਾ ਘਰ ਦਾ ਹੈ।

ਤੱਕ ਆਪਣਾ ਪਰਛਾਵਾਂ ਉਸ ਨੂੰ ਸ਼ਾਮੀਂ ਲਾਲੀ ਚੜ੍ਹਦੀ ਹੈ
ਸਾਨੂੰ ਤੱਕੇ ਨਕ ਮੂੰਹ ਵੱਟੇ ਖ਼ੁਦ ਸ਼ੀਸ਼ੇ ਤੋਂ ਡਰਦਾ ਹੈ।

ਜੋ ਬਿਸਤਰ ਵਿਚ ਊਂਘੇ ਪੁੱਛੇ ਹਾਲ ਹਮੇਸ਼ਾ ਮੌਸਮ ਦਾ
ਏਹੋ ਜਿਹਾ ਮੁਸਾਫ਼ਰ ਦੱਸੋ ਕਦ ਮੰਜ਼ਿਲ ਸਰ ਕਰਦਾ ਹੈ।

ਏਸ ਨਗਰ ਤੋਂ ਤਾਂ ਸੂਰਜ ਵੀ ਨੀਵਾਂ ਹੋ ਕੇ ਲੰਘਦਾ ਹੈ
ਅਪਣੇ-ਅਪਣੇ ਪਾਲ਼ੇ ਅੰਦਰ ਹਰ ਕੋਈ ਏਥੇ ਠਰਦਾ ਹੈ।

ਕਾਲ਼ੀ ਬੋਲ਼ੀ ਨ੍ਹੇਰੀ ਦੀਵੇ ਬੁਝਦੇ ਨਿੱਤ ਬਨੇਰਿਆਂ ਤੋਂ
ਸੱਚ ਦਾ ਚਾਨਣ ਮਾਰੇ ਕਿਹੜਾ ਜੋ ਮਾਰੇ ਸੋ ਮਰਦਾ ਹੈ।

ਅੱਜ ਸ਼ਹਿਰ ਦੀ ਹਰ ਦੁਰਘਟਨਾ ਤੇਰੇ ਲਈ ਅਣਦੇਖੀ ਹੈ
ਨਜ਼ਰਾਂ ਦਾ ਤੇ ਦੋਸ਼ ਨਹੀਂ ਹੈ ਖ਼ੁਦਗਰਜ਼ੀ ਦਾ ਪਰਦਾ ਹੈ।

•



ਸਾਹਾਂ ਵਰਗੇ ਸੁਰ ਨਹੀਂ ਧੜਕਣ ਵਰਗੀ ਤਾਲ ਨਾ
ਹੋਇਆ ਹੁਣ ਸੰਗੀਤ ਵੀ ਪੈਸੇ ਦੀ ਟੁਣਕਾਰ ਜਿਉਂ

# ਦਾਤ

ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ
ਆਪ ਤੁਸਾਂ ਨੇ ਚਿਣਗ ਮਘਾਈ ਆਪ ਬਣੇ ਬਰਸਾਤ

ਜਿਹੜੇ ਦਿਨ ਸੱਜਣ ਜੀ ਤਨ-ਮਨ ਛੋਹ ਤੁਸਾਂ ਦੀ ਪਾਈ
ਰੋਮ-ਰੋਮ ਦੇ ਅੰਦਰ ਜਾਪੇ ਛਿੜੀ ਕੋਈ ਸ਼ਹਿਨਾਈ
ਬੁਝੇ ਹੋਏ ਨੈਣਾਂ ਦੇ ਅੰਦਰ ਲਿਸ਼ਕੀ ਰਿਸ਼ਮ ਖ਼ੁਦਾਈ
ਚੰਨ ਜੀ ਚਾਨਣ ਚਾਨਣ ਹੋਈ ਮਨ ਦੀ ਕਾਲੀ ਰਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਕੱਲ-ਮ-ਕੱਲੇ ਅਤੇ ਪਿਆਸੇ ਮਾਰੂਥਲ ਸਾਂ ਗਾਹੁੰਦੇ
ਅਪਣਾ ਸੀ ਪਰਛਾਵਾਂ ਫੜਦੇ, ਮੰਜ਼ਿਲ ਥਹੁ ਨਾ ਪਾਉਂਦੇ
ਉਡਦੇ-ਉਡਦੇ ਬੱਦਲ ਵਾਂਗੂੰ ਸੱਜਣ ਜਾਪੇ ਆਉਂਦੇ
ਪਹਿਲਾਂ ਸਿਰ ਸੰਘਣੀ ਛਾਂ ਕੀਤੀ, ਫੇਰ ਬਣੇ ਬਰਸਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਉਜੜੇ ਖੂਹ ਵਰਗੀ ਸੀ ਜਿੰਦੂ, ਜਿਉਂਦੀ ਸ਼ੈ ਨਾ ਕੋਲ
ਨਾ ਹੀ ਟਿਕ ਟਿਕ, ਨਾ ਹੀ ਗੈਂ ਗੈਂ, ਨਾ ਹੀ ਗੁਟਕੂੰ ਬੋਲ
ਨਾ ਹੀ ਟੱਲੀਆਂ ਨਾ ਹੀ ਘੁੰਗਰੂ ਨਾ ਲੱਜਾਂ ਨਾ ਡੋਲ
ਪਰ ਜਦ ਸੱਜਣ ਏਧਰ ਆਏ ਖਿੜ ਗਈ ਕਾਇਆਨਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਸੱਜਣ ਜੀ ਸਾਡੇ ਬੁੱਲ੍ਹਾਂ ਤੇ ਬਣ ਕੇ ਆਏ ਗੀਤ
ਗੀਤਾਂ ਤੋਂ ਵੱਧ ਨਾਲ ਕਿਸੇ ਦੇ ਕੌਣ ਪਾਲਦਾ ਪ੍ਰੀਤ
ਹੁਣ ਤਾਂ ਲਗਦੈ ਚਾਰ ਚੁਫੇਰੇ ਛਿੜਿਆ ਪ੍ਰੇਮ-ਸੰਗੀਤ
ਮੈਂ ਤੇਰੇ ਲਈ ਬਣਾਂ ਹੁੰਗਾਰਾ ਤੂੰ ਮੇਰੇ ਲਈ ਬਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਸਾਡੀ ਚਿੜੀ ਚੇਤਨਾ ਵਾਲੀ ਖ਼ੁਸ਼ਬੂ ਦੇ ਵਿਚ ਨ੍ਹਾਵੇ
ਅੰਗ-ਅੰਗ 'ਚੋਂ ਖੰਭ-ਖੰਭ 'ਚੋਂ, ਮਹਿਕ ਤੁਹਾਡੀ ਆਵੇ
ਹਰ ਸ਼ੈ ਜਾਪੇ ਰੂਪ ਤੁਹਾਡਾ ਭਰਦੀ ਜਿੰਦ ਕਲਾਵੇ
ਵਾਲਾਂ ਦੇ ਵਿਚ ਸ਼ਾਮ ਲਪੇਟੀ ਮੁੱਖ ਚਮਕੇ ਪ੍ਰਭਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਜੇਸ ਦਿਹਾੜੇ ਤੋਂ ਸੱਜਣ ਜੀ ਰੰਗ ਤੁਹਾਡੇ ਰੰਗੇ
ਆਰੋਂ-ਪਾਰੋਂ ਰੰਗਾਂ ਨੇ ਵੀ ਰੰਗ ਅਸਾਂ ਤੋਂ ਮੰਗੇ
ਅਪਣਾ ਆਪ ਬਣਾਇਆ ਸਾਨੂੰ ਜਾਣ ਤੁਸਾਂ ਨੇ ਚੰਗੇ
ਹੁਣ ਸੱਜਣ-ਜਸ ਗਾਈਏ ਜੀਕੂੰ ਪੀਰ ਕਿਸੇ ਦੀ ਨਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

ਆਪ ਤੁਸਾਂ ਨੇ ਚਿਣਗ ਮਘਾਈ ਆਪ ਬਣੇ ਬਰਸਾਤ
ਸੱਜਣ ਜੀ ਸਾਨੂੰ ਤੈਂ ਜੇਹੀ ਨਾ ਦਾਤ।

•

## ਅਰਘ

ਤੈਨੂੰ ਜ਼ਿੰਦਗੀ ਦੀ ਅਰਘ ਚੜ੍ਹਾਵਾਂ
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਨੈਣ ਖੋਹਲਾਂ ਤੂੰ ਨਾ ਦਿਸੇਂ ਨੈਣ ਲਵਾਂ ਮੁੰਦ ਵੇ।
ਨੈਣਾਂ ਵਿੱਚ ਅੱਜ-ਕੱਲ ਛਾਈ ਰਹਿੰਦੀ ਧੁੰਦ ਵੇ।
ਕਦੋਂ ਚਾਨਣੀ ਦਾ ਕਜਲਾ ਮੈਂ ਪਾਵਾਂ-
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਚਾਂਦੀ ਦਾ ਲਿਬਾਸ ਤੇ ਸਵਾਰੀ ਤੇਰੀ ਪੌਣ ਤੇ।
ਸਾਡੀ ਜਿੰਦ ਧਰੀ ਜਾਪੇ ਕੀੜਿਆਂ ਦੇ ਭੌਣ ਤੇ।
ਪੀਰਾਂ ਮਾਰੀ ਦੀਆਂ ਮੰਨ ਲੈ ਦੁਆਵਾਂ-
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਤੇਰੀ ਦੀਦ ਵਾਲੀ ਸਾਨੂੰ ਕਿੰਨੀ ਏ ਪਿਆਸ ਵੇ।
ਤਾਰਿਆਂ 'ਚ ਵਸਦੇ ਨੂੰ ਰਤਾ ਨਾ ਕਿਆਸ ਵੇ।
ਰੱਬ ਦਿੱਤੀਆਂ ਨੇ ਬਿਰਹੋਂ ਸਜ਼ਾਵਾਂ-
ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ

ਦਿਲ 'ਚ ਤਲਬ ਅਤੇ ਖੰਭੀਂ ਬੜਾ ਜ਼ੋਰ ਵੇ।
ਕਰਾਂ ਕੀ ਮੈਂ ਪੈਰੀਂ ਬੱਝੀ ਰਸਮਾਂ ਦੀ ਡੋਰ ਵੇ।
ਤੈਂਡੇ ਦੇਸ ਕਿੰਜ ਉੱਡ ਕੇ ਮੈਂ ਆਵਾਂ-

ਵੇ ਚੜ੍ਹ-ਚੜ੍ਹ ਚੰਨ ਸੋਹਣਿਆਂ
ਤੈਨੂੰ ਜਿੰਦੜੀ ਦੀ ਅਰਘ ਚੜ੍ਹਾਵਾਂ।

•

# ਉਡੀਕ

ਬਿਰਹਾ ਵੈਰਾਗ ਛਾਏ ਹੋਏ ਘਨਘੋਰ ਵੇ।
ਦੱਸ ਤੇਰੇ ਆਉਣ ਵਿਚ ਕਿੰਨਾ ਚਿਰ ਹੋਰ ਵੇ।

ਖ਼ਤਾਂ ਵਿਚ ਕਰਦਾ ਤੂੰ ਰਹੇਂ ਅੱਜ-ਕੱਲ੍ਹ ਵੇ।
ਤੈਨੂੰ ਤੱਕਣੇ ਦਾ ਸਾਨੂੰ ਚੜ੍ਹਿਆ ਏ ਝੱਲ ਵੇ।
ਤੇਰੇ ਬਿਨਾਂ ਕਿੰਜ ਸਾਡਾ ਨੱਚੇ ਮਨ ਮੋਰ ਵੇ-

ਕੱਲਿਆਂ ਨੂੰ ਘਰ ਦੀਆਂ ਕੰਧਾਂ ਪੈਣ ਖਾਣ ਵੇ।
ਸੱਭੋ ਕੁਝ ਜਾਣਦਿਆਂ ਹੋਇਓਂ ਅਣਜਾਣ ਵੇ।
ਦਿਲ ਕਿਵੇਂ ਕਰ ਲਿਆ ਏਨਾ ਤੂੰ ਕਠੋਰ ਵੇ-

ਤੈਨੂੰ ਤੱਕ ਲਈਏ ਤਾਂ ਹੀ ਜਿੰਦ ਨੂੰ ਸਵੇਰ ਵੇ।
ਦਿਲ 'ਚ ਹਨੇਰ ਰਹਿਣ ਹੋਰ ਕਿੰਨੀ ਦੇਰ ਵੇ।
ਚੜ੍ਹ-ਚੜ੍ਹ ਚੰਨਾ ਤੇਰੀ ਸਹਿਕਦੀ ਚਕੋਰ ਵੇ-

ਕੱਟਿਆਂ ਨਾ ਕੱਟ ਹੋਵੇ ਬਿਰਹੋਂ ਦੀ ਰਾਤ ਵੇ।
ਕੇਹੀ ਸਾਨੂੰ ਦੇ ਗਿਉਂ ਉਡੀਕ ਦੀ ਸੁਗਾਤ ਵੇ।
ਤੁਰਦੇ ਨੇ ਪਲ-ਛਿਣ ਯੁਗਾਂ ਵਾਲੀ ਤੋਰ ਵੇ-

ਤਰਸ ਗਿਆ ਮਨ ਦੇਖਣੇ ਨੂੰ ਤੇਰਾ ਮੁੱਖ ਵੇ।
ਤੇਰੇ ਨਾਲ ਸਾਨੂੰ ਕੁੱਲ ਦੁਨੀਆਂ ਦੇ ਸੁੱਖ ਵੇ।
ਪਰ ਪਰਦੇਸੀਂ ਬੈਠੇ ਉੱਤੇ ਕਾਹਦਾ ਜ਼ੋਰ ਵੇ-
ਦੱਸ ਤੇਰੇ ਆਉਣ ਵਿਚ ਕਿੰਨਾ ਚਿਰ ਹੋਰ ਵੇ।

•

## ਰਾਂਝਾ

ਆ ਨੀ ਹੀਰੇ ਜਾਹ ਨੀ ਹੀਰੇ ਭਰ ਨੈਣਾਂ ਦੀ ਥਾਲੀ
ਯਾਦ ਤੇਰੀ ਦੇ ਬਾਗ਼ੀਂ ਬੈਠਾ ਦਿਲ ਦੀ ਧੂਣੀ ਬਾਲੀ

ਪਿੰਡੇ ਉਹਦੇ ਸਿਦਕ ਬਿਭੂਤੀ ਕਾਸਾ ਬੇਸ਼ੱਕ ਖਾਲੀ
ਰੂਹ ਦੀ ਵੰਝਲੀ ਪਿਆ ਵਜਾਵੇ ਕੱਢਦਾ ਸੁਰ ਮਤਵਾਲੀ

ਪੀਤਾ ਉਸਨੇ ਸਬਰ ਘੋਟ ਕੇ ਅੱਖੀਆਂ ਦੇ ਵਿਚ ਲਾਲੀ
ਤੇਰੀ ਹਿਜਰ ਛੁਰੀ ਨੇ ਵਿੰਨ੍ਹਿਆਂ ਕੰਨ ਪਾੜੇ ਜੜ੍ਹ ਗਾਲੀ

ਪਾ ਕੇ ਉਸ ਨੇ ਇਸ਼ਕ ਕੁਠਾਲੀ ਕਿਸਮਤ ਐਸੀ ਢਾਲੀ
ਤੇਰਾ ਨਾਂ ਹਰ ਮਣਕੇ ਉੱਤੇ ਮਾਲਾ ਸਾਹਾਂ ਵਾਲੀ


ਮੱਥੇ ਤਿਲਕ ਦੁੱਖਾਂ ਦਾ ਲਾਇਆ ਮੋਢੇ ਕੰਬਲੀ ਕਾਲੀ
ਝੱਬ ਕਰ ਹੀਰੇ ਜਾ ਨੀ ਅੜੀਏ ਹੈ ਕੁਝ ਵੇਲਾ ਹਾਲੀ


ਜੇ ਆਪੇ ਦੀ ਖ਼ੈਰ ਨਾ ਪਾਈ ਰਹਿ ਜਾਏਂਗੀ ਖਾਲੀ
ਆ ਨੀ ਹੀਰੇ ਜਾਹ ਨੀ ਹੀਰੇ ਭਰ ਨੈਣਾਂ ਦੀ ਥਾਲੀ।


•


## ਜਸਵੰਤ ਜ਼ਫ਼ਰ
## ਦੀਆਂ ਹੋਰ ਪੁਸਤਕਾਂ










ਜ਼ਿੰਦਗੀ ਤਲੀ ਤੇ ਛਪੀ
ਲੰਮੀ ਉਮਰ ਦੀ ਰੇਖਾ ਨਹੀਂ
ਜ਼ਿੰਦਗੀ ਭੂਤ ਨੂੰ ਯਾਦ ਕਰਦੇ
ਤੇ ਭਵਿੱਖ ਦਾ ਸੁਪਨਾ ਲੈਂਦੇ
ਵਰਤਮਾਨ ਦਾ ਨਾਂ ਹੈ।

**Chetna Parkashan**
Punjabi Bhawan, **Ludhiana**-141001
ISBN 817883834-6
9 788178 838342

***Do Sahan Vichkaar***

₹ 90/-